2237

ੴ ਸਤਿਗੁਰਪ੍ਰਸਾਦਿ ।

## ਸ਼ਾਂਤਮਈ ਯੁਧ ਦੇ ਨਿਹੱਥੇ ਸਿਪਾਹੀਆਂ ਲਈ ਕੌਮੀ "ਅਕਾਲੀ ਗੀਤ"

ਅਰਥਾਤ

# ਅਕਾਲੀ ਭਬਕ

ਕਰਤਾ

ਪੰਥ ਦੇ ਮਸ਼ਹੂਰ ਕਵੀਸ਼ਰ

ਪਰਕਾਸ਼ਕ

ਭਾਈ ਨਿਹਾਲ ਸਿੰਘ ਭਗਵਾਨ ਸਿੰਘ
ਖਾਲਸਾ ਏਜੰਸੀ, ਪਟਿਆਲਾ

ਪੁਸਤਕ ਮਿਲਨ ਦਾ ਪਤਾ
ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ
ਪੁਸਤਕਾਂ ਵਾਲੇ ਅੰਮ੍ਰਿਤਸਰ ।

ਮੋਖ -) ਵਧਾਇਆ ਟੈਟਲ =)

NATIONAL ARCHIVES LIBRARY
No. 2237
Date 15.2.72
GOVT. OF INDIA

1049
ਖ

ਪੰਜਾਬ ਖਾਲਸਾਪ੍ਰੈਸ ਬਜ਼ਾਰਮਾਈ
ਸੇਵਾਂ ਅੰਮ੍ਰਿਤਸਰ ਵਿਚ ਭਾਈ
ਗੁਰਬਚਨ ਸਿੰਘ "ਅਕਾਲੀ"
ਪ੍ਰਿੰਟਰ ਦੇ ਪ੍ਰਬੰਧ ਨਾਲ ਛਪਿਆ

# ਭੂਮਕਾ

ਇਹ ਗਲ ਮੰਨੀ ਗਈ ਹੈ ਕਿ ਵਾਰਾਂ, ਕਵਿਤਾ, ਰਾਗ ਆਦਿਕ ਵਿਚ ਕਹੀਆਂ ਗਲਾਂ ਇਨਸਾਨ ਤੇ ਜ਼ਿਆਦਾ ਅਸਰ ਕਰਦੀਆਂਹਨ ਫੇਰ ਓਹ ਕਵਿਤਾ ਜਿਨਾਂ ਵਿਚ ਸ਼ਾਂਤ ਰਸ, ਮੁਲਕੀ ਸਪਿਰਟ ਦੇ ਜੋਸ਼ ਤੇ ਵਲਵਲੇ ਕੌਮੀ ਆਨ ਤੇ ਸ਼ਾਨ ਦੇ ਨਜ਼ਾਰੇ ਭਰੇ ਹੋਣ ਇਕ ਖਾਸ ਅਸਰ ਪੈਦਾ ਕਰਦੀਆਂ ਹਨ। ਅੱਜ ਕਲ ਧਾਰਮਕ, ਗੁਰਦੁਆਰਾ ਸੁਧਾਰ ਲੈਹਰ ਅਕਾਲੀ ਤੈਹਰੀਕ, ਤੇ ਰਾਜਸੀ ਮੁਆਮਲਿ-ਆਂ ਵਲ ਲੋਕਾਂ ਦੀ ਰੁਚੀ ਬੜੀ ਵਧ ਗਈ ਹੈ। ਖਾਸ ਕਰਕੇ ਹੁਣ ਦੇ ਨਾਭੇ ਅਤੇ ਜੈਤੋ ਦੇ ਮੋਰਚੇ ਵਾਸਤੇ ਪ੍ਰਚਾਰ ਦੀ ਕਾਫੀ ਲੋੜ ਹੈ। ਇਸ ਨੂੰ ਪਕਿਆਂ ਤੇ ਪੁਰਅਸਰ ਕਰਨ ਵਾਸਤੇ ਜ਼ਰੂਰੀ ਸੀ ਕਿ ਵਡੇ ੨ ਸਿਆਣਿਆਂ

ਤੇ ਕਵੀਆਂ ਦੇ ਖਿਆਲ ਲੋਕਾਂ ਨੂੰ ਦਸੇ ਜਾਣ ਇਨ੍ਹਾਂ ਗਲਾਂ ਨੂੰ ਮੁਖ ਰਖ ਕੇ ਇਹ ਗੁਟਕਾ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤਾ ਗਿਆ ਹੈਉਮੈਦ ਹੈ ਆਪ ਇਸ ਤੋਂ ਲਾਭ ਉਠਾਓਗੇ।

# ਤਖਤ ਜਾਂ ਤਖਤਾ !!!

ਸਾਡੇ ਉਤੇ ਫੈਸਲਾ ਕੁਨ ਹਮਲਾ ਹੋ ਗਿਆ ਹੈ। ਹੁਣ ਯਾ ਸਾਡਾ ਅਗਾ ਬਨ ਗਿਆ ਤੇ ਯਾ ਅਸੀਂ ਦੁਨੀਆਂ ਦੇ ਤੁਖਤੇ ਤੋਂ ਮਿਟ ਗਏ। ਸਵਾਲ ਨਾਭੇ ਦਾ ਹੀ ਨਹੀਂ ਸੀ, ਗੁਰਦਵਾਰਾ ਜੈਤੋ ਦਾ ਸੀ, ਪਰ ਇਸ ਨੌਕਰਸ਼ਾਹੀ ਹਲੇ ਨੇ ਸਵਾਲ ਦਾ ਹੋਰ ਪਾਸਾ ਭੀ ਬਦਲ ਦਿਤਾ ਹੈ। ਨਾ ਹੁਣ ਸਵਾਲ ਨਾਭੇ ਦਾ ਹੈ ਤੇ ਨਾ ਗੁਰਦਵਾਰਿਆਂ ਦਾ, ਹੁਣ ਤਾਂ ਸਵਾਲ ਸਿੱਖ ਪੰਥ ਤੇ ਸਿਖ ਧਰਮ ਦੀ ਹਸਤੀ ਦਾ ਹੈ। ਜੇ ਅਸਾਂ ਅਜ ਹਾਰ ਖਾ ਲਈ ਤਾਂ ਸਿਖੀ ਦਾ ਖਾਤਮਾ ਸਮਝੋ, ਕਿਉਂਕਿ ਸਿਖ ਧਰਮ ਤਾਂ ਇਕ ਇਜੇਹਾ ਧਰਮ ਹੈ ਜੋ ਆਪਣੇ ਗੁਣਾਂ ਕਰਕੇ ਅਦੁਤੀ ਹੈ ਤੇ ਲੋਕਾਂ ਦੇ ਦਿਲਾਂ ਵਿਚ ਇਜ਼ਤ ਪ੍ਰਾਪਤ ਕਰਕੇ ਹੀ ਰਹਿ ਸਕਦਾ ਹੈ। ਸਿਖ ਪੂਰਬੀਆਂ ਵਾਙੂ ਘਸਿਆਰੇ

5

ਨਹੀਂ ਬਣ ਸਕਦੇ। ਉਸ ਤੋਂ ਪਹਿਲਾਂ ਯਾ ਜਿਤ ਪ੍ਰਾਪਤ ਕਰਨਗੇ ਯਾ ਮਰ ਮਿਟਨਗੇ। ਇਸ ਵਾਸਤੇ ਇਹ ਸ਼ਾਂਤਮਈ ਜੰਗ ਸਿਖ ਪੰਥ ਦੀ ਆਨ ਸ਼ਾਨ ਯਾ ਵਧਾਇਗਾ ਤੇ ਯਾ ਇਸ ਨੂੰ ਬੇਇਜ਼ਤ ਕਰਾਕੇ ਦੁਨੀਆਂ ਵਿਚੋਂ ਮਿਟਾ ਦੇਵੇਗਾ, ਇਸ ਵਾਸਤੇ ਹਰ ਇਕ ਸਿਖ ਨੂੰ ਹੁਣ ਠੀਕ ਵੇਲੇ ਉਤੇ ਸਭ ਗੱਲ ਸਮਝਕੇ ਸਭ ਤਰਾਂ ਦੀ ਕੁਰਬਾਨੀ ਕਰ ਦੇਣੀ ਚਾਹੀਦੀ ਹੈ। ਹੁਣ ਸਮਾਂ ਨਹੀਂ ਹੈ ਕਿ ਦੂਜਿਆਂ ਵਲ ਵੇਖਿਆ ਜਾਵੇ। ਜਿਸ ਸਿਖ ਦੀ ਛਾਤੀ ਵਿਚ ਦਰਦ ਵਾਲਾ ਦਿਲ ਹੈ, ਜਿਸ ਸਿਖ ਨੂੰ ਕੌਮੀ ਆਣ (ਜੋ ਕੌਮੀ ਜਾਨ ਹੈ) ਬਚਾਣ ਦਾ ਫਿਕਰ ਹੈ, ਜਿਸ ਸਿਖ ਨੂੰ ਸਿਖੀ ਦਾ ਨਾਮ ਰੌਸ਼ਨ ਕਰਨ ਦਾ ਫਿਕਰ ਹੈ ਉਸ ਲਈ ਕਿਸੇ ਨੌਕਰੀ ਯਾ ਕਿਸੇ ਹੋਰ ਵਪਾਰ ਟੰਟੇ ਦੀ ਖਾਤਰ ਇਕ ਮਿੰਟ ਭੀ ਦੇਰ

ਕਰਣੀ ਮਹਾਂਪਾਪ ਹੈ। ਇਸ ਵੇਲੇ ਸ ੍ਮਣੀ ਕਮੇਟੀ ਵਿਚ ਕੰਮ ਕਰਣ ਵਾਲੇ ਸਿਆਣੇ ਬੰਦਿਆਂ ਦੀ ਸਖਤ ਲੋੜ ਹੈ । ਦੁਸ਼ਮਣ ਬਾਘੀਆਂ ਮਾਰ ਰਹੇ ਹਨ ਜਿਸ ਤਰਾਂ ਕੇ ਗੁਰੂ ਬਾਗ ਦੇ ਦਿਨਾਂ ਵਿਚ ਮਾਰਦੇ ਸਨ ਪਰ ਬਹੁਤ ਛੇਤੀ ਹੀ ਸਾਡੇ ਵੈਰੀਆਂ ਦੀ ਹੋਸ਼ ਠਿਕਾਣੇ ਆ ਗਈ ਸੀ। ਠੀਕ ਓਹੋ ਹੀ ਹਾਲ ਹੁਣ ਭੀ ਵਰਤ ਰਿਹਾ ਹੈ। ਲਾਹੌਰ ਦਾ ਗੋਰਾ ਅਖਬਾਰ ਝੂਠ ਬਕਵਾਸ ਕਰ ਰਿਹਾ ਹੈ ਕਿ ਅਕਾਲੀ ਡਰ ਗਏ ਹਨ ਯਾ ਕੰਮ ਢਿਲਾ ਪੈ ਗਿਆ। ਅੰਮ੍ਰਿਤਸਰ ਵਿਚ ਸਿੰਘ ਵਹੀਰਾਂ ਪਾਈ ਚਲੇ ਆ ਰਹੇ ਹਨ, ਤੇ ਇਸਤਰਾਂ ਦਾ ਜੋਸ਼ ਖਿਲਰ ਰਿਹਾ ਹੈ ਕਿ ਨੌਕਰਸ਼ਾਹੀ ਦੇ ਛਕੇ ਛੁਟ ਰਹੇ ਹਨ। ਪਰ ਸਾਨੂੰ ਹੁਣ ਕੋਈ ਦਕੀਕਾ ਬਾਕੀ ਨਹੀਂ ਰਖਣਾ ਚਾਹੀਦਾ, ਹੁਣ ਤਾਂ ਉਹ ਸਮਾਂ ਆ ਗਿਆ

ਹੈ ਜਦ ਰਾਜਪੂਤ ਆਪਣੀਆਂ ਇਸਤ੍ਰੀਆਂ ਨੂੰ ਕਤਲ ਕਰਕੇ ਜੰਗ ਵਿਚ ਜਾਇਆ ਕਰਦੇ ਸਨ। ਹੁਣ ਆਪਣੇ ਟਬਰਾਂ, ਅਪਣੇ ਬਾਲ ਬੱਚੇ ਤੇ ਅਪਨੇ ਵਿਹਾਰ ਨੂੰ ਵਾਹਿਗੁਰੂ ਦੇ ਆਸਰੇ ਛਡਕੇ ਨਿਤਰ ਆਓ। ਇਸ ਵੇਲੇ ਪੰਥ ਦੀ ਜਿਤ ਵਿਚ ਹੀ ਤੁਹਾਡਾ ਬਚਾ ਹੈ, ਤੇ ਜੇ ਪੰਥ ਨੂੰ ਹਾਰ ਹੋਗਈ ਤਾਂ ਨਾਂ ਤੁਹਾਡੀਆਂ ਜਗੀਰਾਂ ਰਹਿਣੀਆਂ ਹਨ, ਨਾ ਨੌਕਰੀਆਂ ਤੇ ਨਾਂ ਕੋਈ ਹੋਰ ਕੰਮ। ਜੇ ਇਨ੍ਹਾਂ ਚੀਜ਼ਾਂ ਨੇ ਹਾਰ ਹੋਣ ਦੀ ਸ਼ਕਲ ਵਿਚ ਚਲੇ ਹੀ ਜਾਣਾ ਹੈ ਤਾਂ ਕਿਉਂ ਇਨ੍ਹਾਂ ਨੂੰ ਵਾਰਕੇ ਜਿਤ ਪ੍ਰਾਪਤ ਨਹੀਂ ਕਰਦੇ ਸਿਖ ਪੰਥ ਲਈ ਇਸਤਰਾਂ ਬਹਾਦਰਾਂ ਵਾਂਗੂ ਸ਼ਾਂਤਮਈ ਜੰਗ ਵਿਚ ਜੁਟਿਆਂ ਹੋਇਆਂ ਮਰ ਜਾਣਾ ਮਾੜਾ ਨਹੀਂ ਹੈ। ਪਰ ਹਾਰ ਖਾਕੇ ਗੁਲਾਮ ਬਣਕੇ ਮਰਣਾ ਅਪਣੇ ਗੁਰੂਆਂ,

ਬਜ਼ੁਰਗਾਂ ਤੇ ਸ਼ਹੀਦਾਂ ਦੇ ਨਾਮ ਉਤੇ ਵਟਾ ਲਾਣਾ ਹੈ ਇਸ ਵਾਸਤੇ ਬਹਾਦਰੋ ! ਨਿਤਰੋ, ਗਸ਼ਤੀ ਜਥੇ ਥਾਂ ਥਾਂ ਬਣਾਕੇ ਪਿੰਡ ਪਿੰਡ ਢੰਡੋਰਾ ਫੇਰ ਦਿਓ। ਕੋਈ ਸਿਖ ਅਜੇਹਾ ਨਾਂ ਰਹੇ ਜਿਸਦੇ ਦਿਲ ਨੂੰ ਅੱਗ ਨਾਂ ਲੱਗ ਜਾਵੇ। ਹੁਣ ਨੌਕਰਸ਼ਾਹੀ ਨੇ ਗੁਰਦਵਾਰੇ ਖੋਹਣ ਤੇ ਸਿਖ ਪੰਥ ਨੂੰ ਮਲੀਆ ਮੇਟ ਕਰਨ ਲਈ ਲੱਕ ਬੰਨ੍ਹ ਲਿਆ ਹੈ ਤੇ ਇਸ ਗੱਲ ਦਾ ਢੰਡੋਰਾ ਥਾਂ ਥਾਂ ਫੇਰ ਦੇਵੋ। ਚਲਦੇ ਵਹੀਰ ਨਿਕਲਣ ਤੇ ਅਜੇਹਾ ਪ੍ਰਚਾਰ ਕਰਣ ਜਿਸ ਨਾਲ ਸਭ ਤਰਾਂ ਦੇ ਸ੍ਰਕਾਰੀ ਨੌਕਰ ਆਪਣੇ ਨਾਲ ਕਰ ਲੌ, ਕਿਉਂਕਿ ਆਖਿਰ ਇਹ ਬੜਾ ਘਮਸਾਣ ਦਾ ਜੰਗ ਹੋਵੇਗਾ ਤੇ ਸਾਨੂੰ ਟੈਕਸ ਤੇ ਮਾਮਲਾ ਦੇਣਾ ਭੀ ਬੰਦ ਕਰਨ ਦੀ ਲੋੜ ਪਵੇਗੀ। ਨਿਤਰੋ ਤੇ ਰਾਤ ਦਿਨ ਇਕ ਕਰ ਦਿਓ। ਹੁਣ ਆਪਣਾ

ਖਾਨਾ ਪੀਣਾ, ਸੌਣਾ ਜਾਗਣਾ ਤੇ ਹੋਰ ਹਰ ਕੰਮ ਹਰਾਮ ਕਰ ਦਿਓ, ਜਦ ਤਕ ਇਸ ਹੰਕਾਰੀ ਨੌਕਰਸ਼ਾਹੀ ਦੀ ਹੋਸ਼ ਟਿਕਾਣੇ ਨਾਂ ਹੋ ਜਾਵੇ।

(ਅਕਾਲੀ ਪ੍ਰਦੇਸੀ ੨੨ ਅਕਤੂਬਰ ੧੯੨੩)

# ਸ਼ਾਂਤਮਈ ਧਰਮ ਯੁਧ !

:: ਦੇ ::

# ਨਿਹੱਥੇ ਸਿਪਾਹੀਆਂ [ ਅਕਾਲੀ ਬਹਾਦਰਾਂ ] ਲਈ

## ਕੌਮੀ "ਅਕਾਲੀ ਗੀਤ"

ਟੇਕ:— ( ਹਲੇ ਦੀ ਧਾਰਨ )

ਵੱਜ ਗਿਆ ਏ ਬੀਰੋ ! ਜੰਗ ਦਾ ਨਗਾਰਾ...
ਜੰਗ ਦਾ ਨਗਾਰਾ, ਸ਼ਾਂਤਮਈ ਦਾ ਨਗਾਰਾ,
ਵਜ ਗਿਆਏ ਵੀਰੋ ਜੰਗ ਦਾ ਨਗਾਰਾ।

'ਨੌਕਰਸ਼ਾਹੀ' ਨੇ ਅੱਤ ਚਾਈ, ਲੀਡਰ ਫੜ ਕੇ ਕਲਾ ਜਗਾਈ, 'ਗੁਰ ਸੰਗਤ' ਬਾਗ਼ੀ ਠਹਿਰਾਈ, ਨਾਲ 'ਪੰਥ' ਦੇ ਲਾਈ ਲੜਾਈ ਛਿੜ ਗਿਆ ਏ ਬੀਰੋ ਜੰਗ ਦਾ ਨਗਾਰਾ॥੧॥ ਲੈਕੇ*ਗਨ, ਗੋਲੀ ਤਲਵਾਰਾਂ, ਹੈਂਡਾ ਪੁਲਸੀ ਫੌਜੀ ਧਾੜਾਂ, ਰੌਂਦਾਂ ਕਰਨ ਘਰਾਂ ਬਾਜ਼ਾਰਾਂ ਪਈਆਂ ਖਾਣ ਖੇਤ ਏਹ ਵਾੜਾਂ, ਮੱਚ ਗਈ ਏ, ਸਾਰੇ ਹਾ ਹਾ ਕਾਰਾ॥੨॥......... 'ਜਥੇਬੰਦੀ' ਸੀਨੇ ਰੜਕੀ, 'ਹਾਰਾਂ' ਖਾਇ ਲਗੀ ਦਿਲ-ਧੜਕੀ, ਚੜ੍ਹਦੀ ਕਲਾ ਵੇਖ ਅੱਗ ਭੜਕੀ, ਬਿਜਲੀ ਸਿਖਾਂ ਦੇ ਸਿਰ ਕੜਕੀ, ਪਾਪੀਆਂ ਨੇ ਕੀਤਾ ਜ਼ਾਲਮਾਂ ਦਾ ਕਾਰਾ॥੩॥.........ਉਨ੍ਹੋ ਦਲੇਰੋ ਖ਼ੌਫ ਨ ਕਰਣਾ, ਮਰਨੋ ਮੂਲ ਅਸਾਂ ਨਹੀਂ ਡਰਨਾ ਕਦਮ ਪਿਛਾਹਾਂ ਮੂਲ ਨ ਧਰਨਾ, ਮਾਣ

*ਬੰਦੂਕਾਂ, ਮਸ਼ੀਨ ਗੰਨਾ।

'ਹਕੂਮਤ' ਦਾ ਹੈ ਹਰਨਾ, ਕਰ ਲਵੋ ਵੇ ਵੀਰੋ ਜ਼ੋਰ ਦਾ ਤਿਜਾਰਾ ॥ ੪ ॥.........
ਮਾਰੇ ਗੋਲੀ ਰਖ ਦਿਓ ਸੀਨਾ, ਕੱਢ ਲਵੋ 'ਅਰਮਾਨ' ਕਮੀਨਾ, ਜੇਕਰ ਵਿੰਨ੍ਹੇ ਨਾਲ ਸੰਗੀਨਾਂ, ਨਿਕਲੇ ਮੂੰਹੋਂ ਹਾਇ ਕਦੀ ਨਾ, ਤਰ ਜਾਵਾਂਗੇ ਏਦਾਂ ‡ਭਵਜਲ ਭਾਰਾ ॥ ੫ ॥...
ਸਿਖੀ ਸਿਦਕ ਦਿਲਾਂ ਵਿਚ ਧਰਕੇ, ਕਰੜੇ ਘਾਵ ਜਿਗਰ ਵਿਚ ਕਰਕੇ, ਬਾਜ਼ੀ ਸਿਰ ਧੜ ਦੀ ਲਾ ਕਰਕੇ, ਜ਼ਿੰਦਾ 'ਪੰਥ' ਰਖਾਂਗੇ ਮਰਕੇ, ਖੋਹਲ ਦੇਵਣਾ ਜੇ ਵੀਰੋ! ਜੇਹਲ ਦਾ ਦਵਾਰਾ। ਵੀਰੋ ਜੰਗ ਦਾ ਨਗਾਰਾ ਵਜ ਗਿਆ ਜੇ ਵੀਰੋ:–..........॥ ੬ ॥
ਨਾਭਾ ਪਤੀ ਤਖਤ ਬਿਠਲਾਣੇ, ਲੀਡਰ ਪਤਵੰਤੇ ਛਡਵਾਣੇ, 'ਗੁਰਦੁਆਰੇ' ਅਜ਼ਾਦ ਕਰਵਾਣੇ, ਨਹੀਂ ਤਾਂ ਜ਼ੇਹਲੀਂ ਡੇਰੇ ਲਾਣੇ,

---

‡ਇਹ ਵਡਾ ਤੇ ਖੌਫਨਾਕ ਮੋਰਚਾ।

ਲਾਹ ਦੇਵਣਾ ਰੀਡੰਗ ਸ਼ਾਹੀ ਦਾ ਅਫਾਰਾ ॥
੭ ॥..........ਸ਼ੇਰਾਂ ਵਾਂਗ ਮਾਰ ਲਲਕਾਰਾ, 'ਸ਼ਾਂਤਮਈ' ਦਾ ਬੋਲ ਜੈਕਾਰਾ, ਚੜ੍ਹੇ ਅਕਾਲੀ ਦਲ ਬਲ ਧਾਰਾ, ਲਾਕੇ ਸਿਰ ਸਰਬੰਸ ਪਿਆਰਾ। ਪੁਟ ਸੁਟਣਾ ਏ। 'ਪਾਪ-ਰਾਜ' ਦਾ ਪਸਾਰਾ ॥ ੮ ॥........."ਸੱਤਰ ਸਾਲਾ" ਮਿਤਰ ਫਰੰਗੀ, ਲੈਂਦਾ ਰਿਹਾ ਮਦਦ, 'ਮੂੰਹ ਮੰਗੀ', ਭਾਰਤ ਕੋਹਕੇ ਲੰਡਨ ਰੰਗੀ, ਅਜ ਵਿਖਾਵੇਂ ਤਾਕਤ ਜੰਗੀ, ਕਰ ਦੇਣਾ ਏਂ, §ਸਚ ਝੂਠ ਦਾ ਨਿਤਾਰਾ ॥
੯ ॥ 'ਬਾਜਾਂ ਵਾਲਾ' ਸੰਗ ਸਹਾਈ, ਸਤਿਗੁਰ ਆਪ ਕਲਾ ਵਰਤਾਈ, 'ਰੀਡੰਗ ਗਰਦੀ' 'ਨੌਕਰਸ਼ਾਹੀ' ਲਿਆਂਦੀ ਆਪਣੀ ਆਪ ਤਬਾਹੀ, ਰਹੇਗਾ ਅਟਲ, 'ਪੰਥ' ਰੱਬ ਦਾ ਪਜਾਰਾ। ਵੀਰੋ ਜੰਗ ਦਾ ਨਗਾਰਾ

---

§ਹੰਨੇ ਬੰਨੇ ਯਾ ਮੌਤ ਯਾ ਜ਼ਿੰਦਗੀ।

ਵੱਜ ਗਿਆ ਏ ॥ ੧੦ ॥

## ( ਗੀਤ )

ਅਸਾਂ ਨਹੀਂ ਹਾਰਨਾ ਭਾਵੇਂ ਸਾਡੀ ਜਾਨ ਜਾਵੇ।
ਤੋਪ ਤਲਵਾਰ ਕੋਲੋਂ।
ਗੋਲੀਆਂ ਦੀ ਮਾਰ ਕੋਲੋਂ।
ਖੰਡੇ ਦੀ ਧਾਰ ਕੋਲੋਂ।
ਕਦੀ ਨਹੀਂ ਹਾਰਨਾ ਭਾਵੇਂ ਸਾਡੀ ਜਾਨਜਾਵੇ।
ਕੁਰਕੀ ਨੀਲਾਮੀ ਕੋਲੋਂ।
ਸਖਤ ਕਲਾਮੀ ਕੋਲੋਂ।
ਫਾਂਸੀ ਕਾਲੇ ਪਾਣੀ ਕੋਲੋਂ।
ਕਦੀ ਨਹੀਂ ਹਾਰਨਾ ਭਾਵੇਂ ਸਾਡੀ ਜਾਨਜਾਵੇ।
ਦੀਨ ਈਮਾਨ ਨਾਲ।
ਧਰਮ ਗਿਆਨ ਨਾਲ।
ਮਰਦ ਦੀ ਜ਼ਬਾਨ ਨਾਲ।
ਕਦੀ ਨਹੀਂ ਹਾਰਨਾ ਭਾਵੇਂ ਸਾਡੀ ਜਾਨਜਾਵੇ।

ਮਾਝੇ ਦੇ ਜ਼ੋਰ ਨਾਲ।
ਮਾਲਵੇ ਦੇ ਸ਼ੋਰ ਨਾਲ।
ਪਿਆਰੇ ੨ ਬੋਲ ਨਾਲ।
ਕਦੀ ਨਹੀਂ ਹਾਰਨਾ ਭਾਵੇਂ ਸਾਡੀ ਜਾਨਜਾਏ।
ਹਿੰਦ ਦੇ ਪਿਆਰ ਨਾਲ।
ਸ਼ਾਂਤੀ ਹਥਿਆਰ ਨਾਲ।
ਰਬ ਸਚਿਆਰ ਨਾਲ।
ਕਦੀ ਨਹੀਂ ਹਾਰਨਾ ਭਾਵੇਂ ਸਾਡੀ ਜਾਨਜਾਵੇ।
ਦੇਸ਼ ਨੂੰ ਛੁਡਾਂਵਣਾ।
ਧਰਮ ਨੂੰ ਬਚਾਵਣਾ।
ਪਰਾਂਨ ਵੀ ਗਵਾਵਣਾ।
ਕਦੀ ਨਹੀਂ ਹਾਰਨਾ ਭਾਵੇਂ ਸਾਡੀ ਜਾਨਜਾਂਵੇ।

## ਅਸਾਂ ਸਮਝਿਆ ਜਿਵੇਂ ਹੈ ਸ਼ਕਲ ਸੋਹਣੀ, ਤਿਵੇਂ ਅੰਦਰੋਂ ਭੀ ਨੂਰੋ ਨੂਰ ਹੋਸੇਂ !

ਡਾਢਾ ਫਸਦੋਂ ਵਿਚ ਮੁਸੀਬਤਾਂ ਦੇ,
ਵੇਲੇ ਸਿਰ ਜੇ ਤੈਨੂੰ ਬਚਾਂਵਦੇ ਨਾ।
ਬੇੜਾ ਗਰਕ ਹੁੰਦਾ ਤੂੰਬੀ ਡੁਬ ਜਾਂਦੋਂ,
ਮੋਢਾ ਡਾਹ ਜੇ ਪਾਰ ਲੰਘਾਂਵਦੇ ਨਾ।
ਨਾਨੀ ਯਾਦ ਆ ਜਾਂਵਦੀ ਤੁਝਤਾਈਂ,
ਜਰਮਨ ਕੋਲੋਂ ਜੇਅਸੀਂ ਛੁਡਾਂਵਦੇ ਨਾ।
ਆਕੜ ਯਾਰ ਤੇਰੀ ਸਾਰੀ ਦਿਸਪੈਂਦੀ,
ਖਾਤਰ ਤੇਰੀ ਜੇ ਵੀਰ ਕੁਹਾਂਵਦੇ ਨਾ।
ਸਾਨੂੰ ਪਤਾ ਕੀ ਸੀ ਤੈਂਹੈ ਦਗ਼ਾਦੇਣਾ,
ਵਿਚੋਂ ਜ਼ੈਹਰ ਦੇ ਨਾਲ ਭਰਪੂਰ ਹੋਸੇਂ।
ਅਸਾਂ ਸਮਝਿਆ ਜਿਵੇਂ ਹੈ ਸ਼ਕਲ ਸੋਹਣੀ
ਤਿਵੇਂ ਅੰਦਰੋਂ ਭੀ ਨੂਰੋ ਨੂਰ ਹੋਸੇਂ।

ਖੂਬ ਕੀਤੀ ਅਸਾਡੜੇ ਨਾਲ ਹੈ ਤੂੰ,
ਘਾਲਾਂ ਸਾਡੀਆਂ ਸਭੇ ਭੁਲਾ ਬੈਠੋਂ।
ਹਥ ਫੇਰ ਕੇ ਸਾਡੜੀ ਪਿਠ ਉਤੇ,
ਕੰਮ ਆਪਣੇ ਸਾਰੇ ਕਢਾ ਬੈਠੋਂ।
ਹੋ ਕੇ ਮਸਤ ਵਿਚ ਨਸ਼ੇ ਹਕੂਮਤਾਂਦੇ,
ਹਕ ਦੂਜਿਆਂ ਦੇ ਜਾ ਦਬਾ ਬੈਠੋਂ।
ਖਰੀਆਂ ਤੁਝ ਨੂੰ ਜੇਹੜੇ ਸੁਣਾਵਦੇਸੀ,
ਫੜ ਉਨ੍ਹਾਂ ਨੂੰ ਪਿੰਜਰੇ ਪਾ ਬੈਠੋਂ।
ਐਪਰ ਅਜੇ ਵੀ ਤਜੇਂ ਨਾ ਤੂੰ ਖੈਹੜਾ,
ਨਿਤ ਨਵੀਆਂ ਕਲਾਂ ਜਗਾਈਜਾਵੇਂ।
ਦੁਖੀ ਵੇਖ ਸਾਨੂੰ ਤੈਨੂ ਖੁਸ਼ੀ ਆਵੇ,
ਐਂਵੇ ਪਾਪੀਆ ਕਾਨੂੰ ਤਪਾਈਜਾਵੇਂ।
(ਤਰਲੋਕ ਸਿੰਘ 'ਸੀਤਲ' ਜੇਹਲਮ

ਕਬਿੱਤ

੧. ਭੁਲ ਗਏ ਕਾਰੇ ਸਿਖ ਬਚਿਆਂ ਦੇ
'ਗੋਰੇ' ਦਿਲ, ਇਕ ਵੇਰਾਂ ਬੀਰੋ ਹੁਣ ਫੇਰ

ਵੀ ਵਿਖਾ ਦਿਓ ! ਜਿਨ੍ਹਾਂ ਭਾਣੇ ਰਹੀ ਨ ਸ਼ਹੀਦਾਂ ਦੀ ਸੰਤਾਨ ਹੁਣ, ਜਗ ਪਿਆ ਦੀਵਾ ਕੌਮੀ ਆਨ ਦਾ ਸੁਣਾ ਦਿਓ ! ਸਮਾ ਏਹ ਸੁਭਾਗ ਲਭਾ ਅਜ ਪ੍ਰਵਾਨਿਆਂ ਨੂੰ, ਭੁਲੀ ਹੋਈ ਗੱਲ ਚੇਤੇ ਸਭ ਨੂੰ ਕਰਾ ਦਿਓ ! ਰਖ ਲਓ ਆਨ, ਮਾਨ, ਸ਼ਾਨ ਸਿਖ ਕੌਮ ਵਾਲੀ, ਗੈਰਾਂ ਹਥ ਫੜੀ ਦਾੜ੍ਹੀ ਕੌਮ ਦੀ ਛੁੜਾ ਦਿਓ !

੨. ਆਗਈਆਂ ਹਨੇਰੀਆਂ ਡੁਲਾਵਣੇ ਨੂੰ ਸਿਖ ਦਿਲ, ਡਟ ਕੇ ਪਹਾੜ ਵਾਂਗ ਏਨ੍ਹਾਂ ਨੂੰ ਹਟਾ ਦਿਓ ! ਚਾਹੁੰਦੇ ਸ਼ੌਕੀਨ ਨਵੀਂ ਹੋਰ ਸੂਹੰਦ ਬਣੇ, ਗੁਰੂ ਦੇ ਦੁਲਾਰੇ ਅਸੀਂ ਤੁਸੀ ਵੀ ਸੁਣਾ ਦਿਓ ! 'ਨੀਹਾਂ ਵਿਚ ਚਿਣੋ, ਭਾਵੇਂ ਅੰਗ ਅੰਗ ਕਟ ਦੇਵੋ, ਜੇਹਲ ਵਿਚ ਪਾਵੋ ਭਾਵੇਂ ਫਾਂਸੀ ਤੇ ਚੜ੍ਹਾ ਦਿਓ ! ਗੁਰੂ ਦੇ ਦੁਲਾਰੇ ਨਹੀਂ ਹਾਰਦੇ ਧਰਮ ਕਦੀ, ਗੋਰੇ ਦਿਲਾਂ

ਵਾਲਿਆਂ ਨੂੰ ਗਲ ਇਹ ਸੁਣਾ ਦਿਓ !

## ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ !

ਜਿਸ ਦੇ ਵਾਸਤੇ ਛੱਡ ਕੇ ਪੁਤ ਧੀਆਂ,
ਦੇਸੋਂ ਦੂਰ ਪਰਦੇਸ ਵਿਚ ਜਾ ਮਰੀਏ।
ਕਾਬਲ ਚੀਨ ਨਾਟਾਲ ਬਗਦਾਦ ਤਿੱਬਤ,
ਮਿਸਰ ਫ੍ਰਾਂਸ ਵਿਚ ਖੂਨ ਵਹਾ ਮਰੀਏ।
ਜੇ ਕਰ ਉਸੇ ਦੀ ਗੋਲੀਆਂ ਬੰਬ ਖਾ ਕੇ,
ਸਿਰ ਤੇ ਝੱਲ ਕੇ ਮਾਰਸ਼ਲ ਲਾ ਮਰੀਏ।
ਕਿਉਂ ਨਾ ਜਿੰਦ ਤੋਂ ਫੇਰ ਬੇਜ਼ਾਰ ਹੋਈਏ?
ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ।
ਪੈਸੇ ਪੰਜ ਹੈ ਰੋਜ਼ ਔਕਾਤ ਸਾਡੀ,
ਭੁਖੇ ਮੁੱਕੀਆਂ ਢਿੱਡ ਨੂੰ ਲਾ ਮਰੀਏ।
ਸਰਦੀ ਦਿਨਾਂ ਵਿਚ ਦੰਦ ਖੜਕਾ ਮਰੀਏ,
ਗਰਮੀ ਵਿਚ ਸਰੀਰ ਝੁਲਸਾ ਮਰੀਏ

ਜਾਈਏ ਟੋਕਰੀ ਢੋਣ ਜਦ ਟਾਪੂਆਂ ਵਿਚ,
ਕਾਲਾ ਕੁਲੀ ਬੇਸ਼ਰਮ ਕਹਾ ਮਰੀਏ।
ਦੇਸ ਅਤੇ ਪ੍ਰਦੇਸ ਵਿਚ ਹੋਇ ਦੁਰ ਦੁਰ,
ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ।
ਕੀੜੇ ਅਤੇ ਮਕੌੜਿਆਂ ਵਾਂਗ ਘਰ ਵਿਚ,
ਬੇ ਕਸੂਰ ਹੀ ਭੁੰਗ ਦੇ ਭਾ ਮਰੀਏ।
ਮਾਵਾਂ ਅਤੇ ਭੈਣਾਂ, ਧੀਆਂ ਦੇਵੀਆਂ ਦੇ,
ਜਬਰਨ ਘੁੰਡ ਪਾਪੀ ਤੋਂ ਚੁਕਵਾ ਮਰੀਏ।
ਗਧੀਆਂ ਕੁੱਤੀਆਂ ਆਦਿ ਕਹਾ ਮਰੀਏ,
ਮੂੰਹ ਸਤਵੰਤੀਆਂ ਉਤੇ ਥੁਕਾ ਮਰੀਏ।
ਹੁਕਮਨ ਜ਼ਿਮੀ ਤੇ ਢਿਡ ਰਗੜਾ ਮਰੀਏ,
ਕਿਉਂ ਨਾ ਏਸ ਗੱਲੋਂ ਮਹੁਰਾ ਖਾ ਮਰੀਏ।
ਧਰਮ ਚਿੰਨ ਕ੍ਰਿਪਾਨ ਦੇ ਪਾਨ ਬਦਲੇ,
ਜੇਲ੍ਹੀ ਅੱਡੀਆਂ ਰਗੜ ਰਗੜਾ ਮਰੀਏ।
ਦਾੜ੍ਹੇ ਖੋਲ੍ਹਕੇ ਰਖਣ ਦੇ 'ਜੁਰਮ' ਖਾਤਰ,
ਫੌਜੀ ਕੈਦ ਦੀ ਪਾਇ ਸਜ਼ਾ ਮਰੀਏ।

ਦਿਲੀ ਹਾਲ ਜੇ ਖੋਲ੍ਹ ਕੇ ਅਰਜ਼ ਕਰੀਏ,
ਜਿਸਮ ੇੜੀਆਂ ਵਿਚ ਜਕੜਾ ਮਰੀਏ।
ਐਸੇ ਹਾਲ ਵਿਚ ਜੀਉਨਦਾ ਹੱਕਕਾਹਦਾ,
ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ।
(ਬੱਧਾ ਸ਼ੇਰ)

## "ਬਹਾਰ ਆਉਨ ਤੇ" ਉਗਸਨ ਨਵੇਂ ਬੂਟੇ!

ਹਾਏ ਹੋਣੀ ਨੇ ਕਹਿਰ ਦੀ ਅਤਿ ਚਾਈ,
ਪੰਛੀ ਜ਼ਾਲ ਦੇ ਵਿਚ ਫਸਾਇ ਦਿਤੇ।
ਅਨ ਖਿੜੇ ਜੋ ਫੁਲ ਸਨ ਬਾਗ ਅੰਦਰ,
ਪੱਤੀ ੨ ਕਰ ਸਭ ਗਵਾਇ ਦਿਤੇ।
ਜੋਬਨ ਆਇਆ ਨ ਉਮਰ ਹੀ ਹੋਈ ਪੂਰੀ,
ਜ਼ਾਲਮ ਆਪਨੇ ਹਥ ਵਿਖਾਇ ਦਿਤੇ।
ਪਾਪਣ ਜ਼ੁਲਮ ਤਦੀ ਪੱਕਾ ਰੂਪ ਹੋਈ,
ਪੰਨ ਕਰਮ ਸਭ ਪ੍ਰਾਪ ਕਰਾਇ ਦਿਤੇ।

ਕਰਲੈ ਹੋਰ ਭੀ ! ਤੈਥੋਂ ਜੋ ਹੋ ਸਕੇ,
ਬੂਟੇ ਤੁਝ ਤੋਂ ਸਾਰੇ ਨ ਮੁਕਨੇ ਨੇ।
ਭਾਵੇਂ ਕਰ ਤੂੰ ਬੰਦ ਵਿਚ ਖਾਨਿਆਂ ਦੇ,
ਇਹ ਟਹਿਕਦੇ ਫੁਲ ਨ ਸੁਕਨੇ ਨੇ।
ਕਰੇਂ ਕੈਦ ਪੰਛੀ ਅਤੇ ਖੁਸ਼ ਹੋਵੇਂ,
ਐਪਰ ਅਸਾਂ ਤੋਂ ਬਾਗ ਨਾਂ ਛੁਟਨੇ ਨੇ।
ਬਹਾਰ ਆਉਨ ਤੇ ਉਗਸਨ ਨਵੇਂ ਬੂਟੇ,
ਜੇਹੜੇ ਰਹਿਨ ਨ ਤੁਝ ਤੋਂ ਮੁਕਨੇ ਨੇ।
(ਜਗਤ ਸਿੰਘ ਲਾਇਲਪੁਰੀ)

## ਸਿਖ ਹਿਰਦੇ ਦਾ ਉਬਾਲ !

[※]

ਜ਼ੁਲਮੀ ਦਿਹਾੜੇ, ਆ ਗਏ,
ਹੁਣ ਫਿਰ ਪਿਆਰੇ ਖਾਲਸਾ।
ਹੁਨ ਜੋਸ਼ ਠਾਠਾਂ ਕਿਓਂ ਨ ਮਾਰੇ,
ਖੂੰਨ ਤੇਰਾ ਖਾਲਸਾ ?
ਰੱਤ ਵੇਖ ਠੰਡੀ ਤੇਰੜੀ

ਅੱਤ ਸ਼ਾਹੀ ਨੌਕਰ ਕਰ ਰਹੇ।
ਤੂੰ ਕਰਨ ਦੇਹ ਉਹ ਭਰਨਗੇ,
ਹੇ ਬੀਰ ਸ਼ੇਰਾ ਖਾਲਸਾ।
ਕਰ ਯਾਦ ਅਰਜਨ ਗੁਰੂ ਨੂੰ,
ਅਤੇ ਬਹਾਦਰ ਤੇਗ ਨੂੰ।
ਤੂੰ ਹਾਰ ਸਕਦਾ ਹੀ ਨਹੀਂ,
ਜੇ ਕਰੇਂ ਜੇਰਾ ਖਾਲਸਾ।
ਰੱਖ ਯਾਦ ਮਤੀ ਦਾਸ ਨੂੰ,
ਉਸ ਤਨ ਚਿਰਾਯਾ ਕਾਸ ਨੂੰ।
ਕਿਉਂ ਡਰੇ ਫਾਂਸੀ ਜੇਹਲ ਤੋਂ,
ਦਿਲ ਜਿਗਰ ਤੇਰਾ ਖਾਲਸਾ
ਜੇ ਫੜਨ ਜਾਲਮ ਆਣ ਤੁਝ ਨੂੰ,
ਡਰੀਂ ਨਾ ਹਥਕੜੀ ਤੋਂ।
ਨਾਨਕ ਗੁਰੂ ਨੇ ਜੇਹਲ ਵਿਚ,
ਕੀਤਾ ਸੀ ਡੇਰਾ ਖਾਲਸਾ।
ਕਰ ਯਾਦ ਤਾਰੂ ਸਿੰਘ ਨੂੰ,

ਤੇ ਮਨੀ ਸਿੰਘ ਨੂੰ, ਯਾਦ ਕਰ ।
ਮੁੜ ੨ ਨ ਜਗ ਤੇ ਆਵਣਾ,
ਕਰ ਦਿਲ ਵਡੇਰਾ ਖਾਲਸਾ ।
ਜਦ ਵਿਚ ਨੀਹਾਂ ਚਿਣੇ ਸਨ,
ਦਸਮੇਸ ਜੀ ਦੇ ਲਾਲ ਦੋ,
ਕੀ ਓਥੇ ਨਾਲੋਂ ਜੇਹਲ ਦਾ,
ਹੈ ਦੁਖ ਵਧੇਰਾ ਖਾਲਸਾ ।
ਸ਼ਾਹ ਬਜ਼ ਤੇ ਸਬੇਗ ਸਿੰਘ,
ਜਦ ਚੜ੍ਹੇ ਉਤੇ ਚਰਖੜੀ,
ਕੀ ਮੌਤ ਫਾਂਸੀ ਦਾ ਤਸੀਹਾ,
ਹੈ ਘਨੇਰਾ ਖਾਲਸਾ ।
ਬੇਗਮ ਪੁਰੇ ਦੇ ਵਾਸੀਓ !
ਬੈਕੁੰਠ ਹੈ ਸਭ ਥਾਂਓਂ ਤੇ ।
ਹੈ 'ਅੰਡੇਮਨ' ਭੀ ਆਪਣਾ
ਨਹੀਂ ਗੈਰ ਡੇਰਾ ਖਾਲਸਾ ।
ਅਗ ਅੰਗ ਪੁਰਜੇ ਕਟਿਆ,

ਵਿਚ ਜੀਂਦਿਆਂ ਅਗ ਸਿਟਣਾ।
ਕੀ ਘਟ ਗਿਆ ਸੀ ਉਸ
ਵੇਲੇ ਜ਼ੋਰ ਤੇਰਾ ਖਾਲਸਾ।
ਤੂੰ ਤਦੋਂ ਸਾਬਰ ਰਿਹਾ ਸੀ,
ਹੁਣ ਨਵੀਂ ਨਹੀਂ ਕੋਈ ਗਲ ਹੈ।
ਇਕ ਲਿਸ਼ਕ ਤੇਰੇ ਧਰਮ ਦੀ,
ਮੇਟੇ ਅੰਧੇਰਾ ਖਾਲਸਾ।

(ਸਿਖ ਹਿਰਦਾ)

## ਸਾਡਾ ਸਿਰੜ

ਭਾਵੇਂ ਹੁਣ ਕਿੰਨਾ ਵੀ ਤੂੰ ਕਰ ਤੰਗ ਸਾਨੂੰ,
ਅਸੀਂ ਫਿਦਵੀ ਗੁਲਾਮ ਤਾਬੇਦਾਰ ਨ ਕਹਾਵਾਂਗੇ
ਸਿਰਾਂ ਉਤੇ ਝੱਲ ਕੇ ਮੁਸੀਬਤਾਂ ਖੁਵਾਰੀਆਂ ਨੂੰ
ਹਿੰਦ ਤੇ ਅਜ਼ਾਦੀ ਦੇ ਨਿਸ਼ਾਨ ਨੂੰ ਝੁਲਾਵਾਂਗੇ
ਤੋਪ ਤੇ ਮਸ਼ੀਨਗਨ ਬੰਬ ਤੇ ਬੰਦੂਕ ਪਾਸੋਂ,
ਡਰ ਕੇ ਨ ਅਸੀਂ ਕਦੀ ਮੁਖੜਾ ਛਪਾਵਾਂਗੇ।

ਦਿਨੇ ਰਾਤੀ ਸਾਡੇ ਉਤੇ ਕਰੇਗਾ ਵਧੀਕੀਆਂ ਜੇ,
'ਤਾਜਵਰ' ਬਾਂਦਰੀ ਦੇ ਵਾਂਗ ਚਾ ਨਚਾਵਾਂਗੇ।
ਲਾਰਿਆਂ ਦੇ ਵਿਚ ਸਾਨੂੰ ਰਖਿਆਈ ਅੱਜ ਤੀਕ
ਛੇਤੀ ਗੁਰਦੁਵਾਰਿਆਂ ਦਾ ਝਗੜਾ ਨਬੇੜ ਹੁਣ।
ਅਗੇ ਹੀ ਹਾਂ ਤੇਰੇ ਹਥੋਂ ਬਹੁਤ ਅਸੀ ਸਤੇ ਹੋਏ
ਆਖੇ ਲਗ ਜ਼ਾਲਮਾਂ ਨ ਹੋਰ ਸਾਨੂ ਛੇੜ ਹੁਣ।
ਡਰਨਾਂ ਨਹੀਂ ਕਿਨੇ ਗੋਲੀ ਤੋਪ ਤੇ ਮਸ਼ੀਨ ਕੋਲੋਂ
ਭਾਵੇਂ ਰੱਖ ਸਾਂਭ ਕੇ ਤੂੰ ਫੌਜੀਆਂ ਦੀ ਹੇੜ ਹੁਣ।
ਆਖਨਾ ਨਹੀਂ ਕਿਨੇ ਹੁਣ ਸਾਹਿਬ ਤੇ ਹਜ਼ੂਰ ਤੈਨੂੰ
ਰਾਹੇ ਜਾਂਦੇ 'ਤਾਜਵਰ' ਵੈਰ ਨਾ ਸਹੇੜ ਹੁਣ।

## ਕਾਲੇ

ਜਦੋਂ ਕਿਤੇ ਭੀੜ ਬਣੀ ਗੋਰਿਆਂ ਦੇ ਸਿਰਾਂ ਉਤੇ
ਜਿਨ੍ਹਾਂ ਨੇ ਸੁਖੱਲੀ ਕੀਤੀ ਨਾਲ ਤਲਵਾਰ ਦੇ।
ਗੋਰਿਆਂ ਦੇ ਪਿਛੇ ਜੇਹੜੇ ਦੇਸ ਤੋਂ ਬਦੇਸ ਹੋਕੇ
ਮੋਏ ਵਿਚ ਚੀਨ ਮਕੇ ਕਾਬਲ ਕੰਧਾਰ ਦੇ।
ਗੋਰਿਆਂ ਦੀ ਮੌਤ ਸਿਰ ਆਪਣੇ ਸਹੇੜੀ ਜਿਨ੍ਹਾਂ

ਬਣੇ ਐਸੇ ਪੱਕੇ ਵਫਾਦਾਰ ਸਰਕਾਰ ਦੇ।
ਉਨ੍ਹਾਂ ਦਾ ਹੀ 'ਡਾਜਵਰ' ਉਲਟਾ ਨਿਆਉਂ ਤੱਕੋ
ਗੋਰੇ ਚੰਮ ਵਾਲੇ ਸਾਨੂੰ 'ਕਾਲੇ' ਕੈਹ ੨ ਕਾਰਦੇ।
ਬਾਜਾਂ ਵਾਲੜੇ ਜੀ ਤੇਰਾ ਨਾਮ ਲੈਕੇ,
ਅਸੀਂ ਨਿਕਲ ਆਏ ਹਾਂ ਮੈਦਾਨ ਅੰਦਰ।
ਅੰਗ ਸੰਗ ਹੋ ਕਰੀਂ ਸਹਾਇਤਾ ਤੂੰ,
ਅਪਣੇ ਬੱਚਿਆਂ ਦੀ ਇਮਤਿਹਾਨ ਅੰਦਰ।
ਭਾਵੇਂ ਮਰ ਮਿਟੀਏ ਸਾਰੇ, ਰਹੇ ਕੋਈ,
ਨਾਮ ਲੈਣ ਜੋਗਾ ਨਾ ਜਹਾਨ ਅੰਦਰ।
ਫਰਕ ਵਾਲ ਜਿੰਨਾਂ ਪਰ ਨ ਔਣ ਦੇਈਏ,
ਤੇਰੀ ਸਾਹਿਬਾ! ਸਿੱਖੀ ਦੀ ਸ਼ਾਨ ਅੰਦਰ।
ਝੋਲੀ ਅੱਡੀ ਊ ਵਾਂਗ ਭਿਖਾਰੀਆਂ ਦੇ,
ਮੰਨ ਲਈਂ ਦਾਤਾ! ਇਹ ਸਵਾਲ ਸਾਡਾ।
ਲਛਮਨ ਸਿੰਘ ਵਾਕਰ ਸਿਖੀ ਸਿਦਕ ਪੂਰਾ,
ਨਿੱਭੇ ਕੇਸਾਂ ਸੁਵਾਸਾਂ ਦੇ ਨਾਲ ਸਾਡਾ।

—:o:—

27

ਨੌਜਵਾਨ ਸਿੱਖਾ ! ਬੇਸ਼ਕ ਤੈਨੂੰ,
ਪਿਆ ਕੋਟ ਭੀ ਹੈ ਪਤਲੂਨ ਭੀ ਹੈ ।
ਐਪਰ ਦੱਸ ਖਾਂ "ਆਪਣੇ ਗੁਰੂ ਵਾਲਾ,
ਤੇਰੇ ਸਿਰ ਵਾਹਦਤ ਦਾ ਜਨੂਨ ਭੀ ਹੈ ?"
ਜ਼ਰਾ ਸੋਚ ! ਪਿਛਲੇ ਸਿਖੀ ਸਿਦਕ ਵਾਲਾ,
ਤੇਰੇ ਘਰ ਆਟੇ ਵਿਚੋਂ ਲੂਨ ਭੀ ਹੈ ?'
ਕੈਂਹਦਾ ਫਿਰੇਂ "ਪੁਤਰ ਬਾਜਾਂ ਵਾਲੜੇ ਦਾ"
ਰਗਾਂ ਵਿਚ ਉਸ ਬੀਰ ਦਾ ਖੂਨ ਭੀ ਹੈ ?
ਤੇਰਾ ਮੁਖ ਮੰਤਵ 'ਦੁਨੀਆਂ ਦੀ ਅਜ਼ਮਤ,
ਰੰਗ ਮਾਨਣੇ ਐਸ਼ ਆਰਾਮ ਕਰਨਾ' ।
ਤੈਨੂੰ ਕੌਣ ਦੱਸੇ ਤੇਰੇ ਵੱਡਿਆਂ ਦਾ,
ਆਦਰਸ਼ ਸੀ ਕੌਮ ਦੇ ਲਈ ਮਰਨਾ ।

—o—

ਨੌ ਜਵਾਨ ਸਿਖਾ ! ਅੱਖਾਂ ਖੋਹਲ ਕੇ ਤੇ,
ਇਰਦ ਗਿਰਦ ਸਾਰੇ ਮਾਰ ਝਾਤ ਬੀਬਾ !
ਦੁੱਖਾਂ ਭਰੀ ਡਰਾਉਣੀ ਕੈਹਰ ਵਾਲੀ,

ਕੱਟੀ ਗਈ ਕਾਲੀ ਬੋਲੀ ਰਾਤ ਬੀਬਾ!
ਸਿੱਕ ਸਿੱਕ ਕੇ ਤੇ ਨਮੂਦਾਰ ਹੋਈ,
ਹੈ ਉਮੀਦ ਵਾਲੀ ਪਰਭਾਤ ਬੀਬਾ!
ਚੜ੍ਹਿਆ ਦਿਨ ਤੇ ਚਾਨਣ ਦੀ ਫਤਹ ਹੋਈ,
ਬਾਜ਼ੀ ਹੋਈ ਹਨੇਰ ਦੀ ਮਾਤ ਬੀਬਾ!
ਕਮਰ ਕੱਸਕੇ ਕੱਟ ਲੈ ਕਠਨ ਮੰਜ਼ਿਲ,
ਤੇਰੇ ਸਿਰ ਉੱਤੇ ਹੈ ਸਾਹਿਬ ਸੱਚਾ।
ਪਾਨੀ ਵਾਂਗ ਪਹਾੜਾਂ ਨੂੰ ਚੀਰਦਾ ਜਾ,
"ਅਸਲਾ ਸਮਝ, ਤੂੰ ਸ਼ੇਰ ਦਾ ਹੈਂ ਬੱਚਾ।"

## ਸਾਡਾ ਹਾਲ

## ਕਾਲੇ ਪਾਣੀ ਵਾਲਿਆਂ ਦੀ ਸਿੱਕ

( ਵਲੋਂ ਭਾਈ ਮੋਹਣ ਲਾਲ ਜੀ
ਦੀਵਾਨਾ ਅਕਾਲੀ ਲਾਹੌਰ)

ਹਾਲ ਆਪਣਾ ਦਸੀਏ ਜਾ ਕਿਥੇ,
ਮੇਹਰਬਾਨ ਸਾਰੇ ਮੰ...

NATIONAL ARCHIVES LIBRARY
No
Date
GOVT. OF INDIA

ਜਿਨ੍ਹਾਂ ਵਾਸਤੇ ਅਸਾਂ ਨੇ ਦੁਖ ਝਲੇ,
ਓਹਨਾਂ ਨਾਲ ਹੋਰਾਂ ਦਿਲ ਜੋੜ ਬੈਠੇ।
ਛਡੇ ਭੈਨ ਭਾਈ ਨਾਲੇ ਬਾਪ ਮਾਈ,
ਤੁਸਾਂ ਵਾਸਤੇ ਸਭ ਕੁਝ ਛੋੜ ਬੈਠੇ।
ਤੁਸੀ ਸੁਖਾਂ ਦੇ ਵਿਚ ਹੀ ਮੌਜ ਲੁਟੋ,
ਅਸੀ ਦਿਲ ਦੇ ਲਹੂ ਨਿਚੋੜ ਬੈਠੇ।

—o—

ਕੀਕਰ ਘਰਾਂ ਵਿਚ ਤੁਸੀ ਅਰਾਮ ਕਰਦੇ,
ਸਾਡਾ ਛਡ ਖਿਆਲ ਪੰਜਾਬੀਓ ਵੇ।
ਸਾਡੇ ਦੁਖ ਤੇ ਦਰਦ ਨੂੰ ਵੇਖਕੇ ਤੇ,
ਹੋਵੇ ਕਦੀ ਦਿਆਲ ਪੰਜਾਬੀਓ ਵੇ।
ਹੋਵੇ ਕੋਲ ਤੇ ਦਸੀਏ ਖੋਲ੍ਹ ਯਾਰੋ,
ਜੇਹੜਾ ਅਸਾਂ ਦਾ ਹਾਲ ਪੰਜਾਬੀਓ ਵੇ।
ਤੁਹਾਡੇ ਮਿਲਨ ਦੀ ਅਸਾਂ ਨੂੰ ਤੜਪ ਲਗੀ,
ਨਹੀ ਛੱਡਦਾ ਜਾਲ ਪੰਜਾਬੀਓ ਵੇ।

—o—

ਤੁਸੀਂ ਪੀਂਵਦੇ ਠੰਡੜੇ ਠਾਰ ਪਾਣੀ,
ਸਾਨੂੰ ਕਢਕੇ ਕਾਲਿਆਂ ਪਾਨੀਆਂ ਨੂੰ।
ਆਪ ਟਬਰਾਂ ਦੇ ਵਿਚ ਸੁਖੀ ਵਸੋ,
ਸਾਨੂੰ ਖੋਭਕੇ ਬਿਰਹੂੰਦੀਆਂ ਕਾਨੀਆਂਨੂੰ।
ਸਦ ਲਵੇ ਜੇ ਅਸਾਂ ਨੂੰ ਹਿੰਦ ਅੰਦਰ,
ਮਿਲ ਜਾਵੀਏ ਅਪਨੇ ਜਾਨੀਆਂ ਨੂੰ।
ਹੋਕੇ ਪ੍ਰੇਮ ਦੀਵਾਨੜੇ ਵਿਚ ਜੇਹਲਾਂ,
ਕਰਦੇ ਯਾਦ ਹਾਂ ਗੁਰੂ ਦੀ ਬਾਨੀਆਂ ਨੂੰ।

—·-੦-—

## ਵੇਖ ਮਰਦਾਨਿਆਂ ਰੰਗ ਕਰਤਾਰ ਦੇ !

[ ਵਲੋਂ ਵਿਸਮਾਦ ]

ਰਾਜਾ ,ਪਿਆ ਭੁਖਾ ਮਰੇ
ਮੰਗਤਾ ਸੀ ਰਾਜ ਕਰੇ,
ਚੋਰਾਂ ਕੋਲੋਂ ਸ਼ਾਹ ਡਰੇ

31

ਰੰਗ ਕਰਤਾਰ ਦੇ ।
ਘਰਾਂ ਵਾਲਾ ਪਾਣੀ ਭਰੇ
ਡਾਕੂ ਵਿਚ ਮੌਜ ਕਰੇ
ਸ਼ੇਰ ਪਿਆ ਘਾਹ ਚਰੇ
ਰੰਗ ਕਰਤਾਰ ਦੇ
ਕੂੜ ਵਾਲਾ ਪੇਟ ਭਰੇ
ਸਚ ਵਾਲਾ ਕੈਦ 'ਮਰੇ
ਚਾਪਲੂਸ ਖੂਬ ਤਰੇ
ਰੰਗ ਕਰਤਾਰ ਦੇ ।
ਰਾਹੀ ਸਭਾ ਰਾਜ ਮਲੇ
ਸਾਈਂ ਢਿਢ ਭਾਰ ਚਲੇ
ਘੋੜਿਆਂ ਤੇ ਚੜੇ ਡਲੇ
ਰੰਗ ਕਰਤਾਰ ਦੇ ।
ਠਗਾਂ ਮੋਦੀ ਖਾਨੇ ਮਲੇ
ਸੰਤਾਂ ਕੈਦ ਖਾਨੇ ਮਲੇ,
ਮਹਿਲ਼ ਆ ਬਿਗਾਨੇ ਮਲੇ

# ਹਥ ਤੇਰੇ ਕੁਝ ਆਵਣਾ ਨਹੀਂ !

ਜ਼ਾਲਮ ਜ਼ੁਲਮ ਕਰ ਲੈ ਜਿੱਨਾਂ ਦਿਲ ਚਾਹੇ
ਪਿਛੇ ਅਸਾਂ ਭੀ ਪੈਰ ਪਰਤਾਵਣਾ ਨਹੀਂ ।
ਲਾਲੀ ਚੜ੍ਹਦੀ ਅਸਾਂ ਦੇ ਚੇਹਰਿਆਂ ਤੇ
ਜ਼ੁਲਮ ਦੇਖ ਕੇ ਅਸੀ ਡਰ ਜਾਵਣਾ ਨਹੀਂ ।
ਸਾਡੇ ਦਿਲ ਹੈ ਚਾ ਸ਼ਹੀਦੀਆਂ ਦਾ
ਜਾ ਕੇ ਜੇਹਲ ਵਿਚ ਅਸਾਂ ਪਛਤਾਵਣਾ ਨਹੀਂ ।
ਅੰਮ੍ਰਤ ਛਕਿਆ ਅਸੀ ਦਸਮੇਸ ਜੀ ਦੀ
ਹੋ ਕੇ ਸਿੰਘ ਤੇ ਗੀਦੀ ਸਦਾਵਣਾ ਨਹੀਂ ।
ਬਲ ਰਖ ਹਿਰਦੇ ਅਸੀਂ ਸ਼ਾਂਤ ਧਾਰਾਂ
ਉਤੇ ਕਿਸੇ ਦੇ ਹਥ ਉਠਾਵਣਾ ਨਹੀਂ ।
ਜੇ ਤੂੰ ਚਾਹੇਂ ਏਹ ਕੌਮ ਮੁਕਾ ਦੇਵਾਂ
ਮੁਕ ਏਸ ਭੀ ਕੌਮ ਨੇ ਜਾਵਣਾ ਨਹੀਂ ।
ਖਪ ਗਏ ਮੀਰ ਮੰਨੂ ਲਖਪਤ ਰਾਇ ਜੇਹੇ
ਏਸ ਕੌਮ ਦਾ ਅੰਤ ਕਦੇ ਆਵਣਾ ਨਹੀਂ ।
ਤੈਨੂੰ ਓੜਕ ਸ਼ਰਮਿੰਦਾ ਹੋ ਪਊ ਹਟਣਾ

ਜਦੋਂ ਹਥ ਤੇਰੇ ਕੁਝ ਆਵਣਾ ਨਹੀਂ।
**ਚੱਕੀ ਜੇਲ੍ਹ ਦੇ ਵਿਚ ਭੁਆਇ ਬੈਠਾ!**
ਪਿਆਰੇ ਖਾਲਸਾ ਜੀ ਕਰੀਂ ਹੋਸ਼ ਹੁਣ ਤਾਂ
ਸਮਾਂ ਅਜਬ ਹੀ ਰੰਗ ਪਲਟਾਇ ਬੈਠਾ।
ਤੇਰੀ ਸ਼ਾਨ ਦੇ ਲਈ ਸ਼ਹੀਦ ਹੋਏ
ਤੂੰ ਤਾਂ ਅਜ ਹੀ ਉਨ੍ਹਾਂ ਭੁਲਾਇ ਬੈਠਾ।
ਹੋਰ ਕਈ ਕੁਰਬਾਨੀ ਦੀ ਭੇਟ ਕੀਤੇ
ਕਈਆਂ ਵਤਨ ਬੇਵਤਨ ਪੁਚਾਇ ਬੈਠਾ।
ਕਈ ਨੇਕ ਘਰਾਨੇ ਦੇ ਪੁਤਰਾਂ ਤੋਂ
ਚੱਕੀ ਜੇਹਲ ਦੇ ਵਿਚ ਭੁਆਇ ਬੈਠਾ।
ਦੋਸਤ ਦੁਸ਼ਮਣਾਂ ਦੀ ਹੁਣ ਤਾਂ ਸਮਝ ਕਰਲੈ
ਕਾਫੀ ਸਮਾਂ ਤੂੰ ਹਥੋਂ ਗੁਆਇ ਬੈਠਾ।
ਕਦੇ ਸੀਗਾ ਪੰਜਾਬ ਦਾ ਕੁਲ ਮਾਲਕ
ਅਜ ਗੁਰਾਂ ਦੇ ਥਾਂ ਖੁਹਾਇ ਬੈਠਾ।
ਘਰ ਦੀ ਫੁਟ ਦੈਂਡਾਲੀ ਦੇ ਹਥ ਪੈ ਕੇ
ਗੁਰੂ ਦਾਤ 'ਕ੍ਰਿਪਾਨ' ਘਟਾਇ ਬੈਠਾ।

ਅਜੇ ਹਈ ਵੇਲਾ ਛਡ ਫੁਟ ਆਲਸ
ਤਾਨ 'ਬਿਜਲੀ' ਜੈਸਾ ਗੁਆਇ ਬੈਠਾ,
ਮਹਿੰਦਰ ਸਿੰਘ 'ਬਿਜਲੀ'

# ਸਚੇ ਇਸ਼ਕ ਦੀ ਰਾਹ ਤੇ ਸੀਸ ਲਾ ਕੇ, ਰੌਸ਼ਨ ਬਾਪ ਦਾ ਨਾਮ ਕਰਾਏ ਕੇਹੜਾ!

( ਵਲੋਂ ਸ: ਗੁਰਦਿਤ ਸਿੰਘ 'ਜ਼ਹੀਰ' )

ਪ੍ਰੇਮ ਪ੍ਰੇਮ ਈ ਹਰ ਕੋਈ ਪੁਕਾਰਦਾ ਏ,
ਹੁਣ ਦੇਖੀਏ ਪ੍ਰੇਮ ਕਮਾਏ ਕੇਹੜਾ?
ਬੀੜੀ ਬੈਠੇ ਨੇ ਤੋਪਾਂ ਰਕੀਬ ਜਿਥੇ,
ਦਰੇ ਦਿਲਰੁਬਾ ਤੇ ਝਾਤੀ ਪਾਏ ਕੇਹੜਾ?
ਉਸਨੇ ਖੰਡੇ ਦੀ ਧਾਰ ਅਜ਼ਮਾਉਣੀ ਏ,
ਸੀਸ ਦੇਖੀਏ ਜਾ ਕੇ ਝੁਕਾਏ ਕੇਹੜਾ?
ਦੀਦ ਕਰਨ ਖਾਤਰ ਪਹਿਲੋਂ ਸਾਰਿਆਂ ਤੋਂ,
ਕਟ ਤਲੀ ਤੇ ਰਖ ਦਿਖਾਏ ਕੇਹੜਾ?

ਡਾਢਾ ਰਮਜ਼ ਸ਼ਿਨਾਸ ਮਹਿਬੂਬ ਸਾਡਾ,
ਭੇਟਾ ਸੀਸ ਹੀ ਮੰਗਦਾ ਜਦੋਂ ਮੰਗੇ।
ਖੁਸ਼ੀਆਂ ਬਖਸ਼ਦਾ ਏ ਸਿਰਫ ਓਸ ਤਾਈਂ,
ਜੇਹੜਾ ਤੋਪ ਮਸ਼ੀਨ ਤੋਂ ਪਾਰ ਲੰਘੇ।
ਪ੍ਰੀਤਮ ਆਇਆ ਏ ਤੀਰ ਕਮਾਨ ਲੈ ਕੇ,
ਓਹਨੂੰ ਦੇਖੀਏ ਖੇਡ ਖਿਡਾਂਏ ਕੇਹੜਾ?
ਬਨਣ ਵਾਸਤੇ ਉਹਦੇ ਨਿਸ਼ਾਨਿਆਂ ਨੂੰ,
ਬੀੜੇ ਖੋਹਲ ਸਾਰੇ ਸੀਨਾ ਡਾਹੇ ਕੇਹੜਾ?
ਵਜਨ ਬਰਛੀਆਂ ਅਤੇ ਕਟਾਰ ਅਗੋਂ,
ਜਾ ਕੇ ਦੇਖੀਏ ਨਾਜ਼ ਉਠਾਏ ਕੇਹੜਾ?
ਕਤਲ ਗਾਹ ਵਿਚ ਖੂੰਨ ਦੀ ਖੇਡ ਹੋਲੀ,
ਚਿਤ ਲਾਲ ਦਾ ਜਾਏ ਪਰਚਾਵੇ ਕੇਹੜਾ?
ਵਾਹਵਾ ਚੋਹਲ ਤੇ ਬਾਂਕੇ ਕਲੋਲ ਉਸਦੇ,
ਜਿਸ ਨੂੰ ਮਾਰੇ ਓਹ ਪਲਕਾਂ ਦੇ ਤੀਰ ਮਾਰੇ।
ਝੁਲੇ ਝਾਲ ਜੋ ਉਸਦਿਆਂ ਨੇਜ਼ਿਆਂ ਦੀ,
ਓਹਨੂੰ ਭੌਜਲੋਂ ਕਢ ਕੇ ਆਪ ਤਾਰੇ।

ਅਕਲ ਮੰਦੀਆਂ ਨਾਲ ਚਤਰਾਈਆਂ ਦੇ,
ਭਲਾ ਵੇਖੀਏ ਲਾਨ ਭਰਮਾਏ ਕੇਹੜਾ ?
ਡਾਢੀ ਸਖਤ ਉਸਦੀ ਅਜ਼ਮਾਇਸ਼ ਦਿਸਦੀ,
ਜੀਉਂਦੀ ਜਾਨ ਨੂੰ ਵੱਟੇ ਕਰਾਏ ਕੇਹੜਾ ?
ਉਸਨੇ ਰੰਗਣਾਂ ਪ੍ਰੇਮ ਪਟੋਲਿਆਂ ਨੂੰ,
ਭਰ ਕੇ ਖ਼ੂਨ ਦਾ ਕੌਲ ਲਿਆਏ ਕੇਹੜਾ ?
ਪੀ ਕੇ ਜਾਮੇ ਸ਼ਹਾਦਤ ਦਾ ਜੋਤ ਆਪਣੀ,
ਜੋਤੀ ਜੋਤ ਦੇ ਨਾਲ ਮਿਲਾਏ ਕੇਹੜਾ ?
ਯਾਰੋ ਹੋਂਦਾ ਨਹੀਂ ਉਹਦਾ ਦੀਦਾਰ ਐਵੇਂ,
ਜਦ ਤਕ ਕਸ਼ਟ ਤੇ ਕਸ਼ਟ ਸਹਾਰੀਏ ਨਾ।
ਨਹੀਂ ਸਿਰ ਵਾਰਨੇ ਝੂਠੇ ਕਬੂਲ ਹੋਣੇ,
ਜਦ ਤਕ ਕਟ ਕੇ ਸੀਸ ਨੂੰ ਵਾਰੀਏ ਨਾ।
ਭਲਾ ਵੇਖੀਏ ਓਸ ਮਨਸੂਰ ਵਾਂਗੂ,
ਸੂਲੀ ਇਸ਼ਕ ਦੀ ਤੇ ਚੜ੍ਹ ਜਾਏ ਕੇਹੜਾ ?
ਤਖਤ ਬਦਲੇ ਜਾਂ ਤਖਤ ਤੇ ਸ਼ਾਂਤਮਈ,
ਰਸਾ ਫਾਂਸੀ ਦਾ ਗਲੇ ਪਵਾਏ ਕੇਹੜਾ ?

ਟਾਹਣੀ ਪ੍ਰੇਮ ਦੀ ਨੂੰ ਹਥ ਪਾਉਣ ਖਾਤਰ,
ਉਹਦੀ ਪੀਂਘ ਉਤੇ ਝੂਟਾ ਖਾਏ ਕੇਹੜਾ ?
ਹੁਣ ਵੇਖੀਏ ਮਰਦ ਮੈਦਾਨ ਅੰਦਰ,
ਸਿਖੀ ਸਿਦਕ ਨੂੰ ਤੋੜ ਨਿਭਾਏ ਕੇਹੜਾ ?
ਯਾਰੋ ਲਾਣੀਆਂ ਬਹੁਤ ਸੁਖੱਲੀਆਂ ਨੇ,
ਨਿਕਲੇ ਮੈਆਂ ਚੋਂ ਕੋਈ ਨਿਭਾਨ ਵਾਲਾ,
ਇਮਤਿਹਾਨ 'ਜ਼ਹੀਰ' ਹੈ ਧਰਮੀਆਂ ਦਾ,
ਲਈ ਤਲਵਾਰ ਬੈਠਾ ਪਰਚੇ ਪੌਣ ਵਾਲਾ।
ਸਚੇ ਇਸ਼ਕ ਦੇ ਰਾਹ ਤੇ ਸੀਸ ਲਾ ਕੇ,
ਰੌਸ਼ਨ ਬਾਪ ਦਾ ਨਾਮ ਕਰਾਏ ਕੇਹੜਾ ?
ਤਾਕਤ ਆਪਣੀ ਤੇ ਧਰਮ ਯੁਧ ਅੰਦਰ,
ਪੀਤਾ ਮਾਈ ਦਾ ਦੁਧ ਅਜ਼ਮਾਏ ਕੇਹੜਾ।
ਤੁਰੇ ਯੁਧ ਨੂੰ ਤੇ ਹਥੀਂ ਪੁਤਰਾਂ ਦੇ,
ਕਮਰ ਨਾਲ ਕ੍ਰਿਪਾਨ ਸਜਾਏ ਕੇਹੜਾ।
ਹੁਣ ਵੇਖੀਏ ਧਰਮ ਦੀ ਆਨ ਬਦਲੇ,
ਬਚੇ ਨੀਹਾਂ ਦੇ ਹੇਠ ਚਿਨਵਾਏ ਕੇਹੜਾ।

ਰਾਜ਼ੀ ਕਰਨ ਖਾਤਰ ਮਾਹੀ ਆਪਣੇ ਨੂੰ,
ਜੇਹਲਾਂ ਵਿਚ ਜਾ ਮਾਈਆਂ ਦੇ ਲਾਲ ਬੈਠੇ।
ਸੀਨੇ ਜਿਨ੍ਹਾਂ ਦੇ ਪ੍ਰੇਮ ਦੀ ਸਟ ਵੱਜੀ,
ਬਧੇ ਹੁਕਮ ਦੇ ਨੇ ਨਿਹਾਲ ਬੈਠੇ।
ਔਖੀ ਘਾਟੀ ਅਤੇ ਪੈਂਡਾ ਬਹੁਤ ਮੁਸ਼ਕਲ,
ਕਦਮ ਜੋਸ਼ ਦੇ ਨਾਲ ਵਧਾਏ ਕੇਹੜਾ?
ਸਟੇ ਦੁਸ਼ਮਣਾ ਗਲੀ ਵਿਚ ਖਾਰ ਕੰਡੇ,
ਅਗੋਂ ਓਹਨਾਂ ਨੂੰ ਪਰੇ ਹਟਾਏ ਕੇਹੜਾ?
ਉਸ ਦਿਲਦਰ ਨੂੰ ਉਤੇ ਬਿਠਾਣ ਖਾਤਰ,
ਫਰਸ਼ ਖਲੜੀ ਹੇਠ ਵਿਛਾਏ ਕੇਹੜਾ?
ਉਤੇ ਸ਼ਮਹ ਦੇ ਵਾਂਗ ਪਰਵਾਨਿਆਂ ਦੇ,
ਭਲਾ ਆਪਣਾ ਆਪ ਮਿਟਾਏ ਕੇਹੜਾ?
ਵਸ ਜਿਨ੍ਹਾਂਦੇ ਨਹੀਂ ਮਹਬੂਬ ਹੁੰਦਾ,
ਬੂਹੇ ਜਾਇ ਧੁਖਾਂਵਦੇ ਧੂਣੀਆਂ ਨੂੰ।
ਗਾਂਦੇ ਸਦਾ ਜ਼ਹੀਰ ਉਹ ਗੀਤ ਉਹਦੇ
ਅਤੇ ਚੱਟਦੇ ਸਿਲਾਂ ਅਲੂਣੀਆਂ ਨੂੰ।

# ਕੀਤਾ ਹਾਸਦਾਂ ਤਖਤ ਵੈਰਾਨ ਸਾਡਾ!

( ਕਵੀ ਦਰਬਾਰ ਸ੍ਰੀ ਚਿਸ਼ਮਾਂ ਸਾਹਿਬ ਦੀ
ਅਵਲ ਦਰਜੇ ਦੀ ਇਨਾਮੀ ਕਵਤਾ )

ਗ਼ਮਨਾਕ ਤਾਰੇ ਫਲਕੋਂ ਆਖਦੇ ਨੇ,
ਸੁਣਨਾ ਦਰਦੀਓ ਜ਼ਰਾ ਬਿਆਨ ਸਾਡਾ।
ਹੋਣਾ ਚਾਨਣਾ ਕੀ ਅਸਾਂ ਤਾਰਿਆਂ ਦਾ,
ਸੋਹਣਾ ਚੰਨ ਨਹੀਂ ਏਂ ਦਰਮਯਾਨ ਸਾਡਾ।
ਭੌਰੇ ਹੋਏ ਬੌਰੇ ਕਹਿੰਦੇ ਮੌਤ ਚੰਗੀ,
ਟੁਟਾ ਹਾਇ ਗੁਲਾਬ ਦਾ ਟਾਹਨ ਸਾਡਾ।
ਫਿਰੇ ਫੁਲ ਪੁਛਨ ਗਲੀਆਂ ਵਿਚ ਰਾਹੀਆਂ,
ਕਿਸੇ ਦੇਖਿਆ ਨਹੀਂ ਬਾਗਬਾਨ ਸਾਡਾ ?

—o—

ਕਹਿੰਦੇ ਮੋਰ ਵਿਸਾਰ ਕੇ ਪੈਲ ਪੌਣੀ,
ਝਖੜ ਲੈ ਗਿਆ ਜਿਗਰ ਤੇ ਜਾਨ ਸਾਡਾ।
ਚਕਵੀ ਕਹੇ ਹਾਏ ਜ਼ਾਲਮ ਬਦਲੀ ਨੇ,
ਲੋਪ ਕੀਤੜਾ ਚਮਕਦਾ ਭਾਨ ਸਾਡਾ।

ਸਸਾ ਰੋਇ ਕੇ ਥਲਾਂ ਵਿਚ ਆਖਦੀ ਏ,
ਕਿਥੇ ਰੁਲ ਗਿਆ ਰੂਹੇ ਰਵਾਨ ਸਾਡਾ।
ਨਹੀਂ ਸੀ ਉਠਦੀ ਪੀੜ ਕੀ ਦਿਲੀਂ ਸਾਡੇ,
ਬਾਜ਼ੂ ਟੁਟਿਆ ਜਦੋਂ ਬਲਵਾਨ ਸਾਡਾ?

---o---

ਭੇਸ ਸਦਲ ਘਰ ਵਿਚ ਡਾਕੂ ਵਸਦੇ ਸੀ,
ਵੇਲਾ ਤਾੜ ਲੁਟਿਆ ਕਾਰਵਾਨ ਸਾਡਾ।
'ਹੀਰਾ ਮਹਿਲ' ਨੂੰ ਜੰਦਰੇ ਲਾਇ ਦਿਤੇ,
'ਪਕਾ ਬਾਗ' ਕੀਤਾ ਬੀਆਬਾਨ ਸਾਡਾ।
ਆਈ ਪਛਮੋਂ ਜੇਹੀ ਹਵਾ ਹੈਸੀ,
ਸਾਰਾ ਲੁਟਿਆ ਬਾਗ ਬੁਸਤਾਨ ਸਾਡਾ।
ਝੰਡਾ ਝੁਕਕੇ ਨਾਭੇ ਨੂੰ ਆਖਦਾ ਹੈ,
ਕੀਤਾ ਹਾਸਦਾਂ ਤਖਤ ਵੈਰਾਨ ਸਾਡਾ।

---o---

ਸੁਤੇ ਵਾਂਗ ਸ਼ੇਰਾਂ ਸ਼ੀਰੀਂ ਨੀਂਦ ਹਾਇ,
ਚੀਰੇ ਸਿਲਾਂ ਫ਼ਰਿਹਾਦ ਜਵਾਨ ਸਾਡਾ।

ਅੱਖੋਂ ਦੂਰ ਹੈ ਦੁਖੜੇ ਸਹੇ ਯੂਸਫ,
ਪਾਵੇ ਚੈਨ ਕਿਉਂ ਦਿਲੇ ਕਿਲ੍ਹ ਆਨ ਸਾਡਾ।
ਲੈਲਾਂ ਵਾਂਗ ਮਸਤੀ ਮੌਜਾਂ ਵਿਚ ਰਹੇ,
ਕਿਤੇ ਮਾਨ ਨਹੀਂ ਮਾਨ ਗੁਮਾਨ ਸਾਡਾ।
ਡੇਹਰਾ ਦੂਨ ਦੇ ਜੰਗਲਾਂ ਵਿਚ ਫਿਰਦਾ,
ਮਜਨੂੰ ਹੋਇ ਮਜਨੂੰ ਨ ਚਾਹਵਾਨ ਸਾਡਾ।

—o—

ਸਾਡੇ ਜੀਂਦਿਆਂ ਹੈ ਗਿਆ ਇਹ ਕਾਰਾ,
ਬਸ ਹਰਾਮ ਸਾਨੂੰ ਪੀਨ ਖਾਨ ਸਾਡਾ।
ਕਿਵੇਂ ਘਰੀਂ ਬਹਿ ਮਾਣੀਏ ਅਸੀ ਮੌਜਾਂ,
ਜਾਪੇ ਮਾਤਮੀ ਦੇਸ਼ ਸ਼ਮਸ਼ਾਨ ਸਾਡਾ।
ਸਾਡਾ ਜੀਵਨਾ ਧ੍ਰਿਗ ਜਹਾਨ ਅੰਦਰ,
ਝੂਲੇ ਨਹੀਂ ਜੇ ਨਾਭੇ ਨਿਸ਼ਾਨ ਸਾਡਾ।
ਬਣ ਫਕੀਰ ਖਫਣੀ ਪਾਕੇ ਦਿਓ ਹੋਕਾ,
ਕੀਤਾ ਹਾਸਦਾਂ ਤਖਤ ਵੈਰਾਨ ਸਾਡਾ।

( ਦਲਜੀਤ )

# ਮਜ਼ਲੂਮ ਦੀ ਆਹ

ਮੈਨੂੰ ਜਿੱਤ ਦਿੱਸੇ ਅਪਨੀ ਹਾਰ ਅੰਦਰ,
ਤੈਨੂੰ ਫਤਹ ਦਿੱਸੇ ਅਪਨੇ ਬਧ ਅੰਦਰ।
ਦੋਹਾਂ ਲਈ ਅਜ਼ਮਾਨ ਦਾ ਇਕ ਰਸਤਾ,
'ਫਾਹੀ ਜ਼ੁਲਮ ਪਾਦੇ ਮੇਰੇ ਗੱਲ ਅੰਦਰ।
ਲਾਸ਼ ਫੜਕਦੀ ਦੇਖਕੇ ਕਹੇਂਗਾ ਤੂੰ,
'ਇਸਦੀ ਜਾਨ ਨਿਕਲੂ ਘੜੀ ਪੱਲ ਅੰਦਰ।
ਮੈਂ ਭੀ ਤਕਾਂਗਾ ਆਪਣੇ ਰੱਬ ਵਲੋਂ,
ਰਾਖਾ ਹੈ ਜਿਹੜਾ ਜਲ ਥੱਲ ਅੰਦਰ।
ਅਜ ਬੋਹੜ ਵਾਂਗਰ ਪਿਆ ਘੂਰਨਾਏਂ,
ਨਦੀ ਨੂੰ ਜੇਹੜੀ ਪੈਰਾਂ ਵਿਚ ਵੱਗੇ।
ਰੱਖੀਂ ਯਾਦ ਪਰ 'ਜੜ੍ਹੋਂ' ਉਖਾੜ ਸੁੱਟੇ,
ਜਦੋਂ ਨਦੀ ਗਰੀਬ ਦੀ ਢਾਹ ਲੱਗੇ।
ਡਰੀਂ! ਡਰੀਂ!! ਮਜ਼ਲੂਮ ਦੀ ਆਹ ਕੋਲੋਂ,
ਜ਼ਾਲਮ ਜ਼ੁਲਮ ਬੇਧੜਕ ਕਮਾਨ ਵਾਲੇ।
ਤੂੰ ਕੀ ਚੀਜ਼ ਹੈਂ, ਏਸਨੇ ਕਈ ਵਾਰੀ,

ਦਿੱਤ ਪਾੜ ਪੜਦੇ ਆਸਮਾਨ ਵਾਲੇ।
ਸੜ ਮਰੇ ਗਰੀਬਾਂ ਨੂੰ ਸਾੜਦੇ ਹੀ,
ਕਈ ਕਿਬਰ, ਹੰਕਾਰ, ਤੇ ਮਾਨ ਵਲੇ।
ਕਿੱਥੇ ਹਰਨਾਖਸ਼, ? ਫਰਊਨ ਕਿੱਥੇ ?,
ਰਬ ਆਪਨੇ ਤਾਈਂ ਕਹਾਨ ਵਾਲੇ।
ਕੰਬੇ ਅਰਸ਼ ਥਰ ਥਰ ਜਾਂ ਗਰੀਬ ਰੋਰੋ,
ਹਉਕੇ ਲੈ ਲੈ ਅੱਥਰੂ ਕੇਰਦਾ ਹੈ।
ਐਸਾ ਵੇਖ 'ਗਰੀਬ ਨਿਵਾਜ' ਉਸਦਾ
ਬੂਟਾ ਜ਼ੁਲਮ ਦਾ ਜੜੋਂ ਉਖੇੜਦਾ ਹੈ।'
ਅਸਾਂ ਵੇਖਿਆ ਖੂਬ ਅਜ਼ਮਾ ਕੇ ਤੇ,
ਹੁੰਦੀ ਬੁਰੀ ਗਰੀਬਾਂ ਦੀ 'ਆਹ' ਲੋਕੋ।
ਇਸਨੇ ਕਈ ਵਾਰੀ ਬਰਬਾਦ ਕੀਤੇ,
ਫੌਜਾਂ ਮੇਲ ਲਸ਼ਕਰ ਬਾਦਸ਼ਾਹ ਲੋਕੋ।
ਗੁੱਝਾ ਜ਼ਖਮ ਗਰੀਬ ਦੀ ਆਹ ਵਾਲਾ,
ਰਾਜ਼ੀ ਕਰੇ ਨਾ ਕੋਈ ਜਰਾਹ ਲੋਕੋ।
ਦੁਨੀਆਂ ਕੌਨ ਵਿਚਾਰੀ ਹਿਲਾ ਦੇਵੇ'

ਸੱਚੇ ਰੱਬ ਦੀ ਏਹ ਦਰਗਾਹ ਲੋਕੋ।
ਇਸਨੇ ਜਦੋਂ ਭੀ ਹੈ ਸਚ ਖੰਡ ਅੰਦਰ,
ਧੱਕਾ ਰੱਬੀ ਸਿੰਘਾਸਨ ਨੂੰ ਜਾ ਲਾਇਆ।
ਤਦੋਂ ਤਦੋਂ ਹੀ ਆਪ ਸੰਸਾਰ ਉੱਤੇ,
ਰੂਪ ਧਾਰਕੇ ਤੇ ਨਿਰੰਕਾਰ ਆਇਆ।

## ਭਜ ਭਜ ਸ਼ਹੀਦੀਆਂ ਪਾਂਵਦੇ ਸਾਂ

( ਵਲੋਂ ਭਾਈ ਦਿਆਲ ਸਿੰਘ ਜੀ )

ਹੋਇਆ ਕੀ ਜੇ ਦੁਖੜੇ ਪਏ ਸਿਰ ਤੇ,
ਅਸਾਂ ਜੇਲ੍ਹ ਨੂੰ ਖੇਡ ਬਨਾਵਣਾ ਹੈ।
ਜਿਵੇਂ ਖੂਹ ਕਿਆਰੀਆਂ ਖੇਡਦੇ ਹਾਂ,
ਖੇਡ ਖੇਡ ਕੇ ਝਟ ਟਪਾਵਣਾ ਹੈ।
ਨਾਲ ਧਰਮ ਦੇ ਜ਼ੁਲਮ ਦਾ ਭੇੜ ਕੈਸਾ,
ਅੰਤ ਜ਼ੁਲਮ ਨੇ ਨਾਸ ਹੋ ਜਾਵਣਾ ਹੈ।
ਰਖੋ ਹਿੰਦੀਓ ਸਿਦਕ ਯਕੀਨ ਕਾਇਮ,
ਅੰਤ ਧਰਮ ਨੇ ਹੀ ਜਿਤ ਜਾਵਣਾ ਹੈ।

45

ਸਿੰਘੋ ਕਰੋ ਖਾਂ ਯਾਦ ਉਸ ਵੇਲੜੇ ਨੂੰ,
ਭੱਜ ਭੱਜ ਸ਼ਹੀਦੀਆਂ ਪਾਂਵਦੇ ਸਾਂ।
ਆਣ ਗਈ ਤੇ ਜਾਂਵਣੀ ਜਾਨ ਸਮਝੇ,
ਈਹੋ ਗੀਤ ਸੁਹਾਵਣੇ ਗਾਵੰਦੇ ਸਾਂ
ਕਰੋ ਯਾਦ ਸ਼ਹੀਦੀਆਂ ਪਿਛਲੀਆਂ ਨੂੰ, ।
ਹੱਸ ਹੱਸਕੇ ਸੀਸ ਲਹਾਂਵਦੇ ਸਾਂ।
ਦਸਮੇ ਗੁਰੂ ਦ ਸਿੱਖ ਨੂੰ ਭਉ ਕਾਹਦਾ ?
ਸਾਈਂ ਬਾਝ ਨਾ ਸੀਸ ਨਿਵਾਂਵਦੇ ਸਾਂ।

## ਫਰੰਗੀਆਂ ਦੀ ਕੌਮ ਤੋਂ ਨਾ ਦੇਖੇ ਕੰਮ ਸੌਰਦੇ।

ਦਸੋਖਾਂ ਫ਼ਰੰਗੀਆਂਨੂੰ ਪਾਲਣੇਦਾਕਿਹੜਾਫਲ,
ਹਿੰਦ ਵਾਸੀ ਵੀਰੋ ਤੁਸੀ ਸੁਣੋ ਨਾਲਗੌਰ ਦੇ।
ਕੌਮਇਹਵਪਾਰੀਆਂਦੀ ਪੰਡਧੋਖੇਬਾਜ਼ੀਆਂਦੀ,
ਹਿੰਦ ਲਿਆ ਸਾਂਭ ਇਨਹਾਂ ਆਸਰੇਦੇਸੌਰਦੇ।

ਜ਼ੇਹਰਦੀਆਂ ਟਿਕੀਆਂ ਤੇ ਖੰਡਦੇਗਲੇਫਚਾੜ੍ਹ,
ਖੋਹਿਆ ਪੰਜਾਬ ਹੀਰਾ ਕਚ ਭਾ ਬਲੌਰ ਦੇ।
ਆਖਦਾਲਿਖਾਰੀਇਵਪਾਰੀਆਂਸ਼ਿਕਾਰੀਆਂਨੇ,
ਮਾਰਿਆ ਸ਼ਿਕਾਰ ਨਾਭਾ ਸਿਟ ਵਿਚ ਬੋਰਦੇ।
ਬੀਜਅਨਿਆਉਂ ਦਾ ਲਿਆ ਕੇ ਇੰਗਲੈਂਡਵਿਚੋਂ
ਕਰਿਆ ਹਵਾਲੇ ਆ ਪੰਜਾਬ ਸਿਰ ਗੌਰ ਦੇ।
ਕਰਿਆ ਗਰੀਬਹਿੰਦ ਨਕ ਵਚ ਆਈਜਿੰਦ,
ਕੀਤਾ ਕਰਜ਼ਾਈ ਭੂਪਇਦ ਵਿਚ ਦੌਰ ਦੇ।
ਸਿਖਾਂਨੇ ਤਾਂ ਪਾਲਪੋਸ ਕੀਤਾ ਬਲਵਾਨ ਯਾਰੋ,
ਪਾਲਣੇ ਦੇ ਫਲ ਦਿੰਦਾ ਦੇਖੋ ਕੈਸੇ ਤੌਰ ਦੇ।
ਚੀਨ ਤੇ ਜਪਾਨ ਅਫਗਾਨ ਤੇ ਈਰਾਨਆਦ,
ਜਰਮਨੀ ਫਰਾਂਸ ਸਿੰਘ ਰਹੇ ਸੰਗ ਕੌਰ ਦੇ।
ਦੋਸਤੀ ਦੇ ਬਦਲੇ ਨਰੇਸ ਨਾਭਾ ਖੁਸਿਆਜੇ,
ਕਹਿਆਂ ਦੀ ਦੋਸਤੀ ਤੋਂ ਦੇਖੋ ਕੰਮ ਸੌਰਦੇ।
ਜਰਮਨੀਬਘਿਆੜਨੇਫਰੰਗੀਲੈਲਾਚਬਣਾਸੀ
ਹੋਣੇ ਸੀ ਹਵਾਲੇ ਰੂਮ ਗੋਰਿਆਂਦੇ ਟੌਰ ਦੇ।

ਤੋਪ ਤਲਵਾਰ ਤੇ ਹਵਾਈ ਬੰਬ ਬੰਦ ਹੁੰਦੇ,
ਬੰਦ ਹੁੰਦੇ ਜ਼ੁਲਮ ਤਮਾਮ ਹੀ ਕਿਠੌਰ ਦੇ।
ਬਣਕੇ ਮਾਲੀ ਤੇਰੀ ਪਾਲਦਾ ਬਗੀਚੀ ਨੂੰ,
ਚਿਟੇ ਫੁਲ ਨਾਸ ਹੁੰਦੇ ਬਿਨਾ ਕਾਲੇ ਭੌਰ ਦੇ।
ਕਰਲੈ ਬੇਇਜ਼ਤੀ ਤੂੰ ਰਜ ਹੁਣ ਕਾਲਿਆਂ ਦੀ,
ਕਰੀਂ ਜਿਉਂ ਦਲੀਪ ਨਾਲ ਵਿਚ ਤੈਂ ਲਾਹੌਰ ਦੇ।
ਕੌਮ ਇਹ ਲੜਾਕਿਆਂ ਦੀ ਸ਼ਾਂਤ ਹੋਈ ਭਾਵੇਂ ਮੰਨ,
ਭੁਲੀ ਨਾ ਤੂੰ ਸਾਕੇ ਪਿਛੇ ਹੋਏ ਜੋ ਫਿਲੌਰ ਦੇ।
ਸਿਧੇ ਅਟਕਾਇਆ ਦੇਖੀ ਸ਼ੇਰ ਰਣਜੀਤ ਹਰ,
ਡਰਦੇ ਪਠਾਣ ਅਜ ਤੀਕ ਹੈ ਪਸ਼ੌਰ ਦੇ।
ਆਖਦਾ ਲਿਖਾਰੀ ਏਨ੍ਹਾਂ ਸਿੱਖਾਂ ਨੂੰ ਕੀ ਦੇਣੇ ਛਲ,
ਕਲਿਆਂ ਦੀ ਦੋਸਤੀ ਤੋਂ ਦੇਖੋ ਕੰਮ ਸੌਰਦੇ।
ਚੰਗੀ ਗਲ ਇਹੋ ਜੇ ਤੂੰ ਮੰਨਣਾ ਤਾਂ ਮੰਨ ਲਈਂ।
ਵਾਲੀਏ ਨਰੇਸ਼ ਨਾਭਾ ਨਾਭੇ ਵਲ ਤੋਰ ਦੇ।
ਤਖਤੋਂ ਉਤਾਰ ਦੂਲਾ ਸਿਟਿਆ ਪਹਾੜੀ ਚੁਕ,
ਰਾਜਿਆਂ ਤੋਂ ਬਦਲੇ ਲੈ ਚਿਤ ਰਖੇ ਖੋਰ ਦੇ।

ਮਾਵਾਂ ਭੈਣਾਂ ਸਾਡੀਆਂ ਦੀ ਜ਼ਰਾ ਨਾ ਸ਼ਰਮ ਤੈਨੂੰ,
ਉਠ ਲੇ ਮਿਰਨ ਦੇ ਬਦਲ ਪਏ ਘੋਰ ਦੇ।
ਸ਼ਾਂਤ ਮਈ ਰਹਿੰਦਿਆਂ ਹੈ ਜਣਾਂ ਮੈਦਾਨ ਵਿਚ,
ਦੇਖਣੇ ਅਖੀਰੀ ਹਥ ਧਕੇਸ਼ਾਹੀ ਜ਼ੋਰ ਦੇ ।

ਦਾਸ-ਭਿਖਾਰੀ ਲੁਧਿਆਣਾ

## ਖ਼ਾਰੀ ਅਜਕੀ ਪੰਜ ਕਕਾਰ ਹੋ ਗਏ?

ਦਿਲਾ ਖਿਚ ਖਾਂ ਤਾਰ ਪ੍ਰੇਮ ਵਾਲੀ,
ਦਰਦਾਂ ਭਿੜਾ ਛੇੜ ਦੇਹ ਰਾਗ ਕੋਈ।
ਆਸਾ, ਕਾਨੜਾ, ਸ਼ਾਮ ਕਲਿਆਣ ਵਾਹ ਵਾ,
ਭੈਰੋਂ ਕੌਂਸੀਆਂ ਜਾਂ ਤੇ ਬਿਹਾਗ ਕੋਈ।
ਆਵੇ ਜੋਸ਼ ਵਿਚ ਖ਼ੂਨ ਕੁਰਬਾਨੀਆਂ ਦਾ,
ਐਸੀ ਸਿਦਕ ਪ੍ਰੇਮ ਦੀ ਲਾਗ ਕੋਈ।
ਐਸੀ ਬੀਨ ਕਰ ਸ਼ੁਰੂ ਪ੍ਰੇਮ ਵਾਲੀ,
ਦੱਸ ਆਏ ਬਿਨ ਰਹੇ ਨਾਂ ਨਾਗ ਕੋਈ।
ਦੁਖੀਏ ਪੰਥ ਉਤੇ ਕੀ ਕੀ ਔਕੜਾਂ ਨੇ,

ਨਾਭੇ ਵਲ ਵਾਗਾਂ ਛੇਤੀ ਮੋੜ ਅੜਿਆ।
ਦੁਖ ਪੰਥ ਦਾ ਦੂਰ ਹਟਾਣ ਖਾਤ੍ਰ,
ਸ਼ਾਤਮਈ ਅਕਸੀਰ ਦੀ ਲੋੜ ਅੜਿਆ।

—:੦:—

ਜਬਰ ਕਰਨ ਵਾਲੇ ਡਾਢੇ ਜਾਬਰਾਂ ਨੇ,
ਸਿਖੀ ਮੇਟਨੇ ਦਾ ਕਿਹਾ ਸਾਜ ਕੀਤਾ।
ਦਿਤਾ 'ਤਾਜ' ਦਸਮੇਸ਼ ਦਾ ਲਾਹ ਲੀਤਾ,
ਤਾਜ ਵਾਲੜਾ ਪਕੜ ਬੇਤਾਜ ਕੀਤਾ।
ਵਾਲੀ ਤਖਤ ਤੇ ਤਾਜ ਹਕੂਮਤਾਂ ਦਾ,
ਚੋਰਾਂ ਓਸ ਨੂੰ ਹਾਇ ਮੁਹਤਾਜ ਕੀਤਾ।
ਲਾਏ ਜ਼ਖਮ ਜੋ ਕੈਹਰ ਦੇ ਨਿਸ਼ਤਰਾਂ ਨੇ,
ਦੇਖੋ ਓਹਨਾਂ ਦਾ ਕਿਵੇਂ ਇਲਾਜ ਕੀਤਾ।
ਕਸ਼ਟ ਦੇਵੰਦੇ ਪਕੜ ਕੇ ਰਾਹੀਆਂ ਨੂੰ,
ਕੀਤੀ ਬੰਦ ਨੇ ਯਾਤਰਾ ਰੰਗ ਸਰ ਦੀ।
ਖੰਡਨ ਕੀਤੜਾ ਪਾਠ ਅਖੰਡ ਨਾਲੇ,
ਕੀਤੀ ਬੇਪਤੀ ਪਾਪੀਆਂ ਗੁਰੂ ਘਰ ਦੀ।

ਕਿਧਰੇ ਕੇਸ ਬਣ ਗਏ ਬਗਾਵਤਾਂ ਦੇ,
ਜਥੇ ਗੁਰੂ ਦੇ ਬਾਗੀ ਕਰਾਰ ਹੋ ਗਏ।
ਮੁਖੀ ਜਥਿਆਂ ਤੇ ਡਾਢਾ ਵਾਰ ਕੀਤਾ,
ਮੁਖੀਏ ਸਭ ਦੇ ਸਭ ਗਰਿਫਤਾਰ ਹੋ ਗਏ
ਸਿਖੀ ਹੋਈ ਦਸਮੇਸ਼ ਦੀ ਅਜ ਬਾਗੀ?
ਬਾਗੀ ਅਜ ਹੀ ਪੰਜ ਕਕਾਰ ਹੋ ਗਏ ?
ਗਲਾ ਕੌਮ ਪਿਆਰੀ ਦਾ ਵਢਣੇ ਨੂੰ,
ਸੱਤਰ ਸਾਲ ਦੇ ਯਾਰ ਤਲਵਾਰ ਹੋ ਗਏ।
ਨੌਕਰਸ਼ਾਹੀ ਨੇ ਜਬਰ ਦਾ ਆਸਰਾ ਲੈ,
ਸਬਰ ਵਾਲਿਆਂ ਦੇ ਸੀਨੇ ਚੋਟ ਮਾਰੀ।
ਹੋ ਤਯਾਰ ਪਿਆਰਿਆ ਵੇਖਦਾ ਕੀ ?
ਛਾਲਾਂ ਵਾਲੜਾ ਕਰਦਾ ਈ ਇੰਤਜ਼ਾਰੀ।

—o—

## ਅਸੀਂ ਪੋਰੀਆਂ ਪੋਰੀਆਂ ਕੱਟਜਾਸਾਂ!

ਪਿਆਰਾ ਵਤਨ ਅਜ਼ਾਦ ਕਰਾਵਣੇ ਲਈ,
ਜਦੋਂ ਵਿਚ ਮੈਦਾਨ ਦੇ ਡਟ ਜਾਸਾਂ।

51

ਫਤਹਿ ਪਾਏ ਬਾਝੋਂ ਜ਼ੁਲਮੀ ਮੋਰਚੇ ਤੇ,
ਕੌਣ ਆਖਦਾ ਹੈ ਪਿਛਾਂ ਹਟ ਜਾਸਾਂ।
ਪਕੜ ਹਥ ਦੇ ਵਿਚ ਕੁਦਾਲ ਧਰਮੀ,
ਜਬਰ ਪਾਪ ਦੀ ਜੜ੍ਹਾਂ ਨੂੰ ਪਟ ਜਾਸਾਂ।
ਦੀਨ ਅਤੇ ਮਜ਼ਲੂਮ ਬਚਾਨ ਖਾਤਰ,
ਅਸੀ ਪੋਰੀਆਂ ਪੋਰੀਆਂ ਕਟ ਜਾਸਾਂ।

—o—

ਡਾਂਗਾਂ ਬੰਦੂਕਿਆਂ ਬਲਮਾਂ ਤੇ ਗੋਲੀਆਂ ਦੇ,
ਲੱਖਾਂ ਘਾ ਸਰੀਰ ਤੇ ਛਟ ਜਾਸਾਂ।
ਭੁਜਸਾਂ ਜੀਂਵਦੇ ਭਠਿਆਂ ਵਿਚ ਐਪਰ,
ਕਰ ਪਾਪ ਨੂੰ ਚੌੜ ਚੌਪੱਟ ਜਾਸਾਂ।
ਟੁਕੜੇ ਨਾਲ ਟਿਕਟਿਕੀ ਦੇ ਬੈਂਤ ਝਲਸਾਂ,
ਹਾਂ ਪਰ ਲਾਹ ਗੁਲਾਮੀ ਦੀ ਛਟ ਜਾਸਾਂ।
ਧਰਮ ਲਈ ਰਖ ਸੀਸ ਨੂੰ ਹੇਠ ਟੋਕੇ,
ਅਸੀ ਪੋਰੀਆਂ ਪੋਰੀਆਂ ਕਟ ਜਾਸਾਂ।

—o—

ਧਾਰ ਸ਼ਾਂਤੀ ਝਲਕੇ ਦੁਖ ਭਾਵੇ,
ਅਸੀ ਨਵਾਂ ਹੀ ਬੰਨਕੇ ਠਟ ਜਾਸਾਂ।
ਉਧਰੋਂ ਜ਼ੁਲਮ ਦੀ ਹੋਂਵਦੀ ਹੋਊ ਬਰਖਾ,
ਅਸੀ ਵਾਹਿਗੁਰੂ ਦੀ ਲਾਈ ਰਟ ਜਾਸਾਂ।
ਸੀਸ ਵਾਰ ਕਰਕੇ ਗੁਰੂ ਚਰਨ ਉਤੋਂ,
ਨਾਮ ਵਿਚ ਸੰਸਾਰ ਦੇ ਖਟ ਜਾਸਾਂ।
ਦੁਖੀ ਹਿੰਦ ਅਜ਼ਾਦ ਕਰਾਵਣੇ ਲਈ,
ਅਸੀ ਪੋਰੀਆਂ ਪੋਰੀਆਂ ਕਟ ਜਾਸਾਂ।

---o---

ਬੂਟਾ ਜ਼ੁਲਮ ਵਾਲਾ ਏਸ ਦੇਸ ਵਿਚੋਂ,
ਨਾਲ ਸ਼ਾਂਤ ਕਹਾੜੇ ਦੇ ਕਟ ਜਾਸਾਂ।
ਖੂਨ ਬੀਰ ਸ਼ਹੀਦਾਂ ਦਾ ਜੇਲ ਅੰਦਰ,
ਬਾਊਂ ਪਰਸੰਗ ਪੋਟਾਸ਼ ਦੀ ਸਟ ਜਾਸਾਂ।
ਜਿਥੇ ਲੋੜ ਹੋਈ ਗੁਰੂ ਪੰਥ ਤਾਂਈ,
ਸੀਸ ਰਖ ਤਲੀ ਉਪਰ ਝਟ ਜਾਸਾਂ।
ਪਿਆਰੇ ਪੰਥ ਦੀ ਸ਼ਾਨ ਬਚਾਨ ਖਾਤਰ,

ਅਸੀ ਪੋਰੀਆਂ ਪੋਰੀਆਂ ਕਟ ਜਾਸਾਂ।

—o—

ਦਰਸ ਕਰਨ ਖਾਤਰ ਪਿਆਰੇ ਸਤਿਗੁਰੂ ਦਾ,
ਚੱਉ ਧਾਰ ਕਰਕੇ ਫਟਾਫਟ ਜਾਸਾਂ।
ਸਾਹ ਲੈਣ ਖਾਤਰ ਜੇਕਰ ਮਨ ਰੁਕਿਆ,
ਇਹ ਨੂੰ ਪ੍ਰੇਮ ਦੀ ਲਾਈ ਤ੍ਰਟ ਜਾਸਾਂ।
ਫਾਨੀ ਜਿਸਮ ਨੇ ਉਂਞ ਭੀ ਨਾਸ ਹੋਣਾ,
ਕਿਉਂ ਨ ਜਾਬਰਾਂ ਸਿਰ ਭੰਨ ਮਟ ਜਾਸਾਂ।
ਦੇਸ਼ ਕੌਮ ਦੀ ਪਤ ਬਚਾਨ ਖਾਤਰ,
ਅਸੀ ਪੋਰੀਆਂ ਪੋਰੀਆਂ ਕਟ ਜਾਸਾਂ।

—o—

ਕੀ ਤੂੰ ਸਮਝਨਾ ਏਂ ਤੇਰੀ ਖਾ ਗੋਲੀ,
ਅਸੀ ਵਿਚ ਸੰਸਾਰ ਦੇ ਘਟ ਜਾਸਾਂ।
ਦਿਤਾ ਜੰਗ ਐਲਾਨ ਜੋ ਤੂੰ ਸਨੂੰ,
ਜਾਣੇ ਤੂੰ ਡਰ ਓਸ ਤੋਂ ਹਟ ਜਾਸਾਂ।
ਰਖ ਯਾਦ ਨਹੀਂ ਤੇਰੜੇ ਵਾਂਗ ਅਸੀ,

ਛੁਕ ਸੱਟ ਕਰਕੇ ਫੇਰ ਛਟ ਜਾਸਾਂ ।
ਕਰਨ ਖਾਤਰਾਂ ਬਚਨ 'ਆਨੰਦ' ਪੂਰਾ,
ਅਸੀ ਪੋਰੀਆਂ ਪੋਰੀਆਂ ਕਟ ਜਾਸਾਂ।
["ਆਨੰਦ"]

## ਉਲਟੀ ਵਾੜ ਹੈ ਖੇਤ ਨੂੰ ਖਾਈ ਜਾਂਦੀ' !

(ਨਨਕਾਣੇ ਸਾਹਿਬ ਦੇ ਕਵੀ ਦਰਬਾਰ ਦੀ ਇਨਾਮੀ ਕਵਿਤਾ)

( ਵਲੋਂ ਭਾਈ ਵਿਧਾਤਾ ਸਿੰਘ ਜੀ 'ਤੀਰ' )

ਕਲੂ ਕਾਲ ਸੰਦਾ ਜੋਰ ਸ਼ੋਰ ਹੋਯਾ,
ਅੰਧਾ ਧੁੰਦ ਹਨੇਰੜੀ ਛਾਈ ਜਾਂਦੀ ।
ਕੀਤਾ ਰਾਜਿਆਂ ਨੇ ਰੂਪ ਕਾਤੁਲਾਂ ਦਾ
ਸਖਤੀ, ਬਕਰਿਆਂ ਵਾਂਗ ਝਟਕਾਈ ਜਾਂਦੀ
ਕਾਲੀ ਮਸਿਆ ਝੂਠ ਦੀ ਪਾਈ ਸਾਰੇ

ਸਚ ਚੰਦਮੇ ਤਾਈਂ ਛਪਾਈ ਜਾਂਦੀ।
ਮਿਲੇ ਲੋੜਿਆਂ ਕਿਤੇ ਇਨਸਾਫ ਨਾਂਹੀ
ਛੁਰੀ ਜਬਰ ਦੀ ਤੇਜ਼ ਚਲਾਈ ਜਾਂਦੀ।
ਦੇਸ਼ ਭਗਤ ਹੋਂਦੇ ਬੰਦੀਵਾਨ ਹਾ! ਹਾ
ਧਰਮੀ ਬੰਦਿਆਂ ਨੂੰ ਪਾਈ ਫਾਹੀ ਜਾਂਦੀ।
ਨਿਕਲੇ ਆਹ ਕਲਮੋਂ ਨੈਨੋਂ ਕਿਰਨ ਹੰਝੂ
ਦੁਖੀ ਦਾਸਤਾਂ ਲਿਖੀ ਨ ਗਾਈ ਜਾਂਦੀ।
ਕਿਤੇ ਪੈਣ ਡਾਂਗਾਂ ਸਾਂਗਾਂ ਦੂਭਨ ਕਿਧਰੇ
ਖਲਕਤ ਸਾਈਂ ਦੀ ਅਤੀ ਦੁਖਾਈ ਜਾਂਦੀ।
ਭਾਵੀ ਆਜਜ਼ਾਂ ਲਈ ਮੌਤ ਰੂਪ ਹੋਕੇ
ਜਬਰ ਸਿਤਮ ਦੀ ਭਾਹ ਭੜਕਾਈ ਜਾਂਦੀ।
ਕਿਤੇ ਮਾਰ ਗੋਲੀ ਕਿਤੇ ਵਢ ਟੋਟੇ
ਬਲਦੇ ਆਵਿਆਂ ਦੇ ਵਿਚ ਪਾਈ ਜਾਂਦੀ।
ਕਿਤੇ ਜੀਂਵਦਿਆਂ ਤੇਲ ਛੜਕਾਵੰਦੀ ਏ
ਬਿਰਛਾਂ ਨਾਲ ਬੰਨ ਕੇ ਅਗਨੀ ਲਾਈ ਜਾਂਦੀ।
ਕਬਰਸਥਾਨ ਕਿਧਰੇ ਕਤਲਗਾਹ ਬਣਦੇ

ਨਦੀ ਖੂਨ ਦੀ ਅੰਦਰ ਵਹਾਈ ਜਾਂਦੀ।
ਪਾਪ ਵਰਤਿਆ ਕੈਹਰ ਦੀ ਹੱਦ ਹੋ ਗਈ
ਤੇਰੇ ਜਿਸਮ ਤੇ ਗੋਲੀ ਚਲਾਈ ਜਾਂਦੀ।
ਧਰਮੀ ਡਕ ਬੇਦੋਸ਼ ਜ਼ਿੰਦਾਂਨ ਅੰਦਰ
ਚਕੀ ਕੈਦੀਆਂ ਵਾਂਗ ਪਿਸਾਈ ਜਾਂਦੀ।
ਹੌਂਦੇ ਜਬਰ ਕਾਨੂਨ ਦੀ ਆੜ ਲੈਕੇ
ਝੜੀ ਜਬਰ ਦੀ ਅਤੀ ਵਸਾਈ ਜਾਂਦੀ।
ਸੇਵਾ ਕਰਦਿਆਂ ਤੇ ਨਾਮ ਜਪਦਿਆਂ ਤੇ
ਦਫਾ ਬਾਗੀਆਂ ਵਾਲੀ ਲਗਾਈ ਜਾਂਦੀ।
ਡਕਕੇ ਕਫਸ ਅੰਦਰ ਡਾਰ ਬੁਲਬੁਲਾਂਦੀ,
ਖੰਭ ਤੋੜਕੇ ਦੁਖੀ ਤੜਫਾਈ ਜਾਂਦੀ।
ਤੇਰੇ ਬੱਚਿਆਂ ਨੂੰ ਬੰਦੀਵਾਨ ਕਰਕੇ
ਚਾੜ੍ਹ ਟਿਕਟਿਕੀ ਤੇ ਚਮੜੀ ਲਾਹੀ ਜਾਂਦੀ।
'ਤੀਰ' ਜਬਰ ਸਹਿਕੇ, ਵੇਖ ਦੁਖੀ ਖਲਕਤ
ਤੇਰੇ ਦਰ ਤੇ ਵਾਸਤੇ ਪਾਈ ਜਾਂਦੀ।
ਮਿਹਰਾਂ ਵਾਲਿਆ ਤੇਰੀ ਅਜ ਯਾਦ ਆਜਾ

ਭਾਰਤ ਦੁਖੀ ਹੋ ਵੇਖ ਕੁਰਲਾਈ ਜਾਂਦੀ।
ਰਾਜੇ ਰਖਯਾ ਦੇ ਨਿਯਮ ਛੋੜ ਦੈਠੇ
ਉਲਟੀ ਵਾੜ ਹੈ ਖੇਤ ਨੂ ਖਾਈ ਜਾਂਦੀ।

ਤਰਜ਼ (ਹਲਾ)

ਉਠੋ ਹੁਣ ਬੀਰੋ ਕਰੋ ਨਾਭੇ ਨੂੰ ਤਯਾਰੀਆਂ।
ਮਾਰਿਆ ਏ ਤੀਰ ਸੀਨੇ ਆਨਕੇ ਸ਼ਿਕਾਰੀਆਂ
ਲੁਟਿਆ ਮਕਾਨ ਸਾਡਾ ਹੋਵਿੰਦਾ ਏ ਕਹਿਰ ਜੀ
ਹੋਵੰਦੇ ਬੇਦੋਸਿਆਂ ਤੇ, ਗੋਲੀਆਂ ਦੇ ਫੈਰ ਜੀ।
ਰੋਵੰਦੇ ਨੇ ਪਏ ਸਾਰੇ ਨਰ ਅਤੇ ਨਾਰੀਆਂ॥
ਉਠੋ.........................................................

ਵਸਦਾ ਆ ਬਾਗ਼ ਸਾਡਾ ਜ਼ਾਲਮਾਂ ਉਜਾੜਿਆ
ਪਕੜ ਕੁਹਾੜੀਆਂ ਨੂੰ, ਬੂਟਿਆਂ ਉਖਾੜਿਆ।
ਵੜ ਲਈਆਂ ਬੁਲਬੁਲਾਂ ਨੇ ਬਾਗ਼ ਤੋਂ ਪਿਯਾਰੀਆਂ
ਉਠੋ ਹੁਣ.........................................

ਟੁਟ ਗਈ ਗਡੁ ਅਜ ਟੁਟੀਆਂ ਨੇ ਡੋਰੀਆਂ।
ਖਾਵੰਦੀ ਏ ਵਾੜ ਖੇਤ, ਹੋਂਦੀਆਂ ਨੇ ਜ਼ੋਰੀਆਂ।

ਦੇਸ਼ ਅਤੇ ਕੌਮ ਤਾਂਈ ਪਈਆਂ ਨੇ ਲਾਚਾਰੀਆਂ ।
ਉਠੋ..........................................
ਘਰ ਗੁਰਾਂ ਵਾਲਾ ਅਤੇ ਗੁਰਾਂ ਵਾਲੀ ਦਾਤ ਜੀ।
ਹੋਵੰਦਾਏ ਕਹਿਰ ਓਥੇ ਪਈ ਕਾਲੀ ਰਾਤ ਜੀ
ਚਲਦੀ ਆਂ ਨੇ ਪਈਆਂ ਆਕੇ ਜ਼ੁਲਮ ਕ੍ਰਾਰੀਆਂ।
ਉਠੋ..........................................
ਖਾਲਸਾ ਜੀ ਉਠੋ ਹੁਣ ਵੇਖੋ ਮਾਰ ਝਾਤੀਆਂ।
ਜਥੇਬੰਦੀ ਵਿਚ ਆਕੇ ਡਾਹੋ ਜਾਕੇ ਛਾਤੀਆਂ।
'ਅਮਰ' ਜਹਾਨ ਹੋਵੇ ਜਾਨਾਂ ਤਾਂਈ ਵਾਰੀਆਂ।
ਉਠੋ ਹੁਣ ਬੀਰੋ ਕਰੋ ਨਾਭੇ ਨੂੰ ਤਯਾਰੀਆਂ।
ਮਾਰਿਆਏ ਤੀਰ ਸੀਨੇ ਆਨਕੇ ਸ਼ਿਕਾਰੀਆਂ ।

—o—

## ਸ਼ਾਂਤਮਈ ਤੇਸੇ ਜਦੋਂ ਦਬ ਮਾਰੇ,
## ਤਦੋਂ ਜ਼ੁਲਮ ਦੇ ਪ੍ਰਬਤਾਂ ਢਹਿ ਜਾਣਾ!

ਕਨ ਪਾੜਕੇ ਮੁੰਦਰਾਂ ਪਾਇ ਕਰਕੇ

59

ਜੋਗੀ ਹੋਇ ਕਾਲੇ ਬਾਗੀਂ ਚਲਿਆ ਏ ।
ਨਾਲ 'ਬਿਰਹੋਂ' ਦੇ ਹੋ ਗਿਆ ਚਾਕ ਸੀਨਾ ।
ਡਾਢੇ 'ਦਰਦਮਾਹੀ' ਸੀਨਾ ਸਲ੍ਹਿਆ ਏ ।
ਅਗ 'ਹਿਜ਼ਰ' ਵਯੋਗ ਦੀ ਪਈ ਭੜਕੇ ।
ਸਾਰਾ ਜੋਗੀਆਂ ਦਾ ਜਿਸਮ ਜਲਿਆ ਏ
ਮੋਢੇ ਕੰਬਲੀ ਤੇ ਹਥ ਨਾਦ ਸੋਹਿੰਦਾ ।
ਜਿਸਮ ਖਾਕ ਅੰਦਰ ਸਾਰਾ ਰਲਿਆ ਏ
ਇਕ 'ਬ੍ਰਿਹੋਂ' ਦੀ ਅਗ ਬੁਝੌਣ ਖਾਤਰ
ਕਿਵੇਂ ਹੈ 'ਰਾਂਝਾ' ਪਿਆ ਦੁਖਾਂ ਅੰਦਰ ।
ਸਹੇ ਓਸਨੇ ਕਸ਼ਟ ਹਜਾਰ ਸਿਰ ਤੇ
ਜੇਹੜਾ ਜਿਸਮ ਪਲਿਆ ਯਾਰੋ ਸੁਖਾਂ ਅੰਦਰ ।
ਜ਼ਰਾ ਤਕਣਾ ਤੁਸਾਂ ਨੇ ਓਸ ਵੇਲੀਂ
ਕਾਲੀ ਰਾਤ ਡਾਢਾ ਧੰਦੂਕਾਰ ਹੋਇਆ
ਵਸ ਮੀਂਹ ਅੰਧੇਰੜੀ ਵਗਦੀ ਏ
ਚਾਰੇਂ ਤਰਫੋਂ ਹੀ ਗਰਦੋ ਗੁਬਾਰ ਹੋਇਆ ।
ਇਕ ਖੂਬਸੂਰਤ ਸੋਹਣਾ ਐਸ ਵੇਲੇ

ਘਰੋਂ ਨਿਕਲਕੇ ਬਾਹਰਨੂੰ ਤਯਾਰਹੋਯਾ।
ਜੇਹੀਂ ਚੜ੍ਹੀ ਝਨਾ ਚੋਂ ਨਿਕਲ ਪਿਆ
ਕੱਚੇ ਘੜੇ ਉਪਰ ਹੀ ਸਵਾਰ ਹੋਯਾ।
ਪੱਕੇ ਕੱਚੇ ਦੀ ਨਹੀਂ ਵਿਚਾਰ ਕੀਤੀ
ਇਕ 'ਸਿੱਦਕ ਮਹਿਬੂਬ' ਦੇ ਠੇਲ੍ਹ ਦਿਤਾ।
ਨਦੀ ਸੂੰਕਦੀ ਨਹੀ ਡਰਾ ਸਕੀ
ਨਾਂ ਹੀ ਰਾਤ ਕਾਲੀ ਕਰ ਫਲ੍ਹੂ ਦਿਤਾ।
ਨਹਰ ਚੋਂ ਪਈ ਅਵਾਜ ਆਵੇ
ਕੋਈ ਪੁਟ ਰਿਹਾ ਪ੍ਰਬਤਾਂ ਭਾਰਿਆਂ ਨੂੰ।
ਨਾਲ ਸੱਟ ਦੇ ਖਿੱਚ ਕੇ ਜ਼ੋਰ ਅੰਦਰ
ਉੱਚੀ ਬੁਲੰਦ 'ਸ਼ੀਰੀਂ' ਦੇ ਨਾਰਿਆਂ ਨੂੰ।

**ਸਭ ਗੀਤ ਸ਼ਹੀਦੀ ਗਾਵਾਂਗੇ॥**
**ਜਾ ਨਾਭੇ ਤਾਂਈਂ ਛੁੜਾਵਾਂਗੇ॥**

ਬੀਰ ਸੂਰਮੇ ਸਿੰਘ ਬਹਾਦਰ,
ਲਛਮਣ ਸਿੰਘ ਦੇ ਅਸੀ ਬ੍ਰਾਦਰ।

ਤਨ ਮਨ ਘੋਲ ਘੁਮਾਵਾਂਗੇ ਸਭ ਗੀਤ.........
ਛਾਤੀ ਡਾਹ ਕੇ ਗੋਲੀਆਂ ਖਾਈਏ,
ਪਿਛਾ ਨਾਹੀ ਮੂਲ ਵਿਖਾਈਏ।
ਨਿਕਲ ਮੈਦਾਨੀ ਆਵਾਂਗੇ ਸਭ.........
ਪਾਸ ਜ਼ਾਲਮਾਂ ਫੌਜ ਰਸਾਲੇ,
ਸਡੇ ਸਤਿਗੁਰ ਨੇ ਰਖਵਾਲੇ !
ਸੱਬਰ ਦੀ ਤੋਪ ਚਲਾਂਵਾਂਗੇ ਸਭ.........
ਫਾਂਸੀ ਸੂਲੀ ਤੋਂ ਨਾ ਡਰੀਏ,
ਧਰਮ ਲਈ ਜਾ ਜੇਹਲੀਂ ਮਰੀਏ।
ਸਿਰ ਤਲੀ ਗਲੀ ਗੁਰ ਜਾਵਾਂਗੇ ਸਭ.........
ਜਾਨ ਵਾਰ ਕੇ ਆਨ ਬਾਚਈਏ,
ਮਹਾਰਾਜ਼ ਨੂੰ ਤਖਤ ਬਹਾਈਏ।
ਸਿਰ ਲਾ "ਅਮਰ" ਕਹਾਵਾਂਗੇ,
ਸਭ ਗੀਤ ਸ਼ਹੀਦੀ ਗਾਵਾਂਗੇ ॥
ਜਾ ਨਭੇ ਤਾਂਈ ਛੁੜਾਵਾਂਗੇ ॥

## { ਪੀਆ ਦੀ ਸਿਕ ! }

ਪੱਥਰ ਮੋਮ ਵਾਂਗੂੰ ਢਲਦਾ ਜਾਏ ਯਾਰੋ
ਵੇਖ ਪ੍ਰੇਮੀਆਂ ਦੇ ਕਠਨ ਕਾਰਿਆਂ ਨੂੰ ।
ਪੁਟ ਪਰਬਤਾਂ ਨੂੰ ਜਾਰੀ ਨਹਿਰ ਕੀਤੀ
ਖਾਤਰ ਦਰਸ਼ਨਾਂ ਪ੍ਰੀਤਮ ਪਿਆਰਿਆਂ ਨੂੰ ।
ਪਈ ਸਦ ਪਉਂਣੀ ਵਿਚ ਥਲੀਂ ਯਾਰੋ
ਸਸੀ ਕੂਕਦੀ ਪੁਨੂੰ ਦਿਲਦਾਰ ਤਾਈਂ ।
ਫਟਕ ਜਾਨ ਦਿਤੀ ਵਿਚ ਥਲਾਂ ਉਸਨੇ
ਜਦੋਂ ਮਿਲੀ ਉਹਨਹੀਂ ਗਮਖਾਹ ਤਾਂਈ।
ਅਸੀ ਵਾਂਗ ਰਾਂਝੇ ਹੋਏ ਅਜ ਕਮਲੇ
ਖੇੜੇ ਲੈ ਗਏ 'ਹੀਰ' ਸ਼ਾਹਜ਼ਾਦੜੀ ਨੂੰ ।
ਲੈ ਗਏ ਨਾਲ ਜ਼ੋਰਾਂ ਵਲ ਛਲ ਕਰਕੇ
ਭਾਰਤ ਵਰਸ਼ਦੀ ਸੋਹਣੀ ਅਜ਼ਾਦੜੀ ਨੂੰ ।
ਘਰੋਂ ਕਢ ਦਿਤਾ ਰਾਂਝੇ ਚਾਕ ਤਾਈਂ
ਮੇਟਣ ਆਪਣੀ ਵਲੋਂ ਤਗਾਦੜੀ ਨੂੰ ।

63

ਸਾਰਾ ਮਾਲ ਮਤਾਹ ਵੀ ਲੁਟ ਲੈ ਗਏ
 ਰਹਿਮ ਆਵਨਾ ਕਦੋਂ ਸੀ ਜਾਬਰੀ ਨੂੰ ।
ਐਪਰ ਅਸੀਂ ਵੀ ਲੈਕੇ ਛਡਣੀ ਏਂ
 ਸੀਸ ਤਲੀ ਉਪਰ ਅਸਾਂ ਰੱਖ ਲਿਆ ।
ਹੋਯਾ ਕੀਹ ਜੇ ਸੀਸ ਦਾ ਫੀਸ ਦੇਕੇ
ਤਾਂ ਵੀ ਸਮਝਸਾਂਗਾ ਵਟ ਲੱਖ ਲਿਆ ।
ਅਸੀਂ ਖੇਲ ਅਕਲ ਹਾਂ ਜਾਹ ਵੜੇ
 ਏਸ ਜ਼ੁਲਮ ਦੀ ਵਗਦੀ ਝੜਾਂ ਅੰਦਰ ।
ਆਖ ਵਾਹਿਗੁਰੂ ਠਿਲ੍ਹ ਪਏ ਸੂਕਦੀ ਵਿਚ
 ਕਚੇ ਘੜੇ ਨੂੰ ਰਖ ਛੀਆਂ ਅੰਦਰ ।
ਭਾਵੇਂ ਡੁਬ ਮਰੀਏ ਭਾਵੇਂ ਪਾਰ ਹੋਈਏ
 ਭਾਵੇਂ ਨਾਮ ਨ ਰਹੇ ਜਹਾਂ ਅੰਦਰ ।
ਐਪਰ ਅਸਾਂ ਲੈਕੇ ਪਿਛਾਂ ਨਹੀਂ ਮੁੜਨਾ
 ਮਰ ਮਿਟਾਂਗੇ ਝੂਜ ਮੈਦਾਂ ਅੰਦਰ ।
ਸ਼ਾਂਤਮਈ ਤੇਸੇ ਜਦੋਂ ਵਖ ਮਾਰੇ
 ਤਦੋਂ ਜ਼ੁਲਮ ਦੇ ਪਰਬਤਾਂ ਢੈਹ ਜਾਣਾ ।

# ਕੌਮ ਤੇ ਦੁਖਾਂ ਦੀ ਘਟਾ ਛਾਈ

(ਵਲੋਂ ਸ੍ਰਦਾਰ ਰਘਬੀਰ ਸਿੰਘ ਜੀ ਬੀ. ਏ.)

ਦਿਲਾ ਕੌਮ ਤੇ ਦੁਖਾਂ ਦੀ ਘਟਾ ਛਾਈ,
ਸੁਖਾਂ ਵਿਚ ਨ ਵਕਤ ਗੁਜ਼ਾਰਦਾ ਜਾ
ਘੇਸ ਵਟਕੇ ਜਾਬਰਾਂ ਜਬਰ ਚੋਟਾਂ
ਨਾਂਹੀਂ ਕਾਇਰਾਂ ਵਾਂਗ ਸਹਾਰਦਾ ਜਾ,
ਮਿਟੇ ਮਜ਼ੁਬ ਅਜ਼ਾਦੀ ਜੇ ਕੈਦ ਹੋਕੇ,
ਜੇਹਲ ਵਿਚ ਜਾ, ਪਰ ਲਲਕਾਰਦਾ ਜਾ।
ਛਾਤੀ ਤਾਨਕੇ ਮੌਤ ਦੇ ਮੂੰਹ ਅੰਦਰ,
ਧਰਮ ਰਛਿਆ ਨੂੰ ਛਾਲ਼ਾਂ ਮਾਰਦਾ ਜਾ।
ਘਿਰੀ ਕੌਮ ਤੇਰੀ ਬਿਪਤਾ ਵਿਚ ਸਾਰੀ,
ਦਿਲਾ ਅੱਜ ਕੋਈ ਪਹਿਲੀ ਵਾਰ ਨਾਹੀਂ।
ਅਸਾਂ ਅਪਨੇ ਬਜ਼ੁਰਗਾਂ ਦੇ ਵਾਂਗ ਹੁਣ ਵੀ,
ਦੇਣੇ ਸੀਸ ਪਰ ਮਨਣੀ ਹਾਰ ਨਾਹੀਂ।

—:o:—

# ਨਿਰ ਭੈ ਖਾਲਸਾ

ਗਿਦੜ ਭਬਕੀਆਂ ਸ਼ੇਰ ਨੂੰ ਦਸ ਨਾਹੀ,
ਜਾਗ ਪਿਆ ਤਾਂ ਕਰੂ ਖੁਆਰ ਅੜਿਆ।
ਇਕ ਵੇਰ ਜੇ ਗਜਿਆ ਬੀਰ ਬਾਂਕਾ,
ਭੁਲ ਜਾਣਗੇ ਸਾਰੇ ਹਥਯਾਰ ਅੜਿਆ।
ਅਕਲ ਹੋਸ਼ ਸਭ ਯਾਰ ਦੀ ਗੁਮ ਹੋਸੀ,
ਖੌਫ ਸੁੱਟਸੀਗਾ ਮੂੰਹ ਦੇ ਭਾਰ ਅੜਿਆ।
ਸ਼ਾਂਤ ਮਈ ਰਹਿਕੇ, ਵੀਰ, ਸ਼ੇਰ, ਬੀਬਾ,
ਛੋੜ ਆਊ ਸਮੁੰਦਰੋਂ ਪਾਰ ਅੜਿਆ।
ਬੇੜਾ ਜ਼ੁਲਮ ਦਾ ਜੱਦ ਕਦ ਗਰਕ ਹੋਂਦਾ,
ਸੁਣ ਓਇ ਜ਼ਾਲਮਾਂ! ਜ਼ੁਲਮ ਕਮਾ ਨਾਹੀਂ।
ਤੇਰੀ ਪਤ ਖਾਤਰ ਜਿਸਨੇ ਰੱਤ ਡੋਹਲੀ,
ਓਸ ਬੀਰ ਨੂੰ ਪਿਆ ਸਤਾ ਨਾਹੀਂ।
ਸੂਲੀ ਚੜ੍ਹਗਿਆ "ਈਸਾ" ਸੀ ਸੱਚ ਪਿਛੇ,
ਪਿਆ ਝੂਠ ਤੋਂ ਘੋਲ ਘੁਮਾ ਨਾਹੀਂ।

ਰਾਜ ਭਾਗ ਨ ਕਿਸੇ ਦੇ ਨਾਲ ਜਾਣੇ,
ਵਾਂਗੂ ਮੂਰਖਾਂ ਸਮਾਂ ਬਿਤਾ ਨਾਹੀਂ।
ਘਰੋਂ ਖਾ ਕੇ, ਦੇਵਣੀ ਮੱਤ ਪੈ ਗਈ,
ਸਮਝੇ, ਅਜੇ ਜੋ ਨਹੀਂ ਕਸੂਰ ਕਿਸਦਾ ?
ਸ਼ਮਾਂ ਧਰਮ ਦੀ ਉਤੋਂ ਘੁਮਾ ਜਾਸੀ,
ਸ਼ੇਰ ਤਾਈਂ ਨ ਹੋਰ, ਦਸਤੂਰ ਦਿਸਦਾ।
"ਪਾਪੀ ਮਾਰਣੇਨੂੰ, ਪਾਪ ਬਲੀ ਕੈਂਹਦੇ,
ਭਰਲਏ ਜੇਲ੍ਹ ਪਰ ਪਿਆ ਕਾਫੂਰ ਦਿਸਦਾ॥
ਕੋਈ ਦਿਨਾ ਦਾ ਯਾਰ ਪਰਾਹੁਣਾ ਹੈ,
ਰਹੀ ਅਕਲ ਨ, ਗਿਆ ਸ਼ਊਰ ਇਸਦਾ।

(ਗੜ੍ਹ ਨਿਵਾਸੀ)

## ਸ੍ਰ: ਬਲਵੰਤ ਸਿੰਘ ਜੀ ਸ਼ਹੀਦ ਕੈਨੇਡੀਅਨ ਕੀ ਸੁਪੱਤਨੀ ਤੇ ਬਚੇ ਦੀ ਬਾਤ ਚੀਤ !

ਬੱਚਾ:-

67

ਮੈਨੂੰ ਬਾਪੂ ਦਾ ਪਤਾ ਤੂੰ ਦੱਸ ਮਾਏ,
　ਬਿਰਹੋਂ ਬਾਪੂ ਦੇ ਕਾਲਜਾ ਸਲਿਆਏ।
ਗੋਦ ਬਾਪੂ ਦੀ ਬੈਠ ਨਾ ਲਾਡ ਕੀਤਾ,
　ਦਸ ਦੇਸ ਕੇਹੜੇ ਬਾਪੂ ਘਲਿਆਏ।
ਮੇਰੇ ਹਾਣੀ ਤਾਂ ਬਾਪੂ ਦੀ ਗੋਦ ਬੈਂਹਦੇ,
　ਗੋਦ ਬੈਹਣ ਨੂੰ ਮੇਰਾ ਦਿਲ ਹਲਿਆਏ।
ਲਾਡ ਕੀਤਾ ਨਾ ਰੱਜ ਮੈਂ ਗੋਦ ਬੈਠਾ,
　ਬਿਰਹੋਂ ਦੁਖ ਨਾ ਜਾਂਵਦਾ ਝਲਿਆਏ।

--:o:--

ਮਾਂ:--

ਮਾਂ ਆਖ ਦੀ ਬਚਿਆ ਘੋਲ ਘਤੀ
　ਬਾਪੂ ਟੁਰ ਗਿਆਏ ਲੰਮੇ ਦੇਸ ਤੇਰਾ।
ਖੰਭ ਲਾਕੇ ਉਡ ਜਾ ਲਾਲ ਮੇਰੇ
　ਕਿਤੇ ਹੋਵੇ ਜੇ ਪਿਤਾ ਪ੍ਰਦੇਸ ਤੇਰਾ।
ਓਹ ਤਾਂ ਦੇਸ ਤੋਂ ਹੋ ਕੁਰਬਾਨ ਚੁਕਾ
　ਫਾਂਸੀ ਚੜ੍ਹਿਆ ਪਿਤਾ ਨਰੇਸ ਤੇਰਾ।

ਪਿਤਾ ਸਿੰਘ ਬਲਵੰਤ ਦਾ ਖਿਆਲ ਫੜਦੇ
ਪਿਤਾ ਪੰਥ, ਤੇ ਸਮਝ ਦਰਮੇਸ਼ ਤੇਰਾ ।
(ਦਾਸ ਕਿਸ਼ਨ ਸਿੰਘ)

## ਯਾਦਿ ਵਤਨ

ਅਸੀਂ ਟੁਕੜ ਗਦਾਈਆਂ ਦੇ ਵਾਂਙ ਫਿਰਦੇ,
ਰੰਗ ਰੂਪ ਭੀ ਗਿਆ ਬਹਾਰ ਭੀ ਗਈ !
ਕੋਹਿਨੂਰ ਭੀ ਗਿਆ ਤਾਜ ਮਹਿਲ ਭੀ ਗਿਆ,
ਸ਼ਾਲਾਬਾਗ ਭੀ ਗਿਆ, ਗੁਲਜ਼ਾਰ ਭੀ ਗਈ !
ਦੇਸੀ ਫੌਜ ਭੀ ਗਈ ਦਿਲ ਦੀ ਮੌਜ ਭੀ ਗਈ.
ਦੇਹਲੀ ਤਖ਼ਤ ਭੀ ਗਿਆ ਸ੍ਰਕਾਰ ਭੀ ਗਈ!
ਇਲਮੋ ਗਿਆਨ ਭੀ ਗਿਆ ਹਿੰਦੋਸਤਾਨ ਭੀ ਗਿਆ।
ਪ੍ਰੀਤਮ ਅਸਾਂ ਤੋਂ ਤੇਜ਼ ਤਲਵਾਰ ਭੀ ਗਈ !

---o---

ਵਡੀ ਰਾਤ ਜਾਂਦੀ ਸਭ ਨੂੰ ਸਾਫ ਦਿਸੇ,
ਵਕਤ ਗੁਜ਼ਰਿਆ ਮਕਰ ਸ਼ੈਤਾਨੀਆਂ ਦਾ।

ਜਰਮਨ ਜਰਮਨਾ ਦਾ ਰੂਸ ਰੂਸੀਆਂ ਦਾ,
ਅਰਬ ਅਰਬਾਂ, ਈਰਾਨ ਈਰਾਨੀਆਂ ਦਾ।
ਜਿਵੇਂ ਅਹਲਿ ਅਮ੍ਰੀਕਾ ਅਮ੍ਰੀਕਨਾ ਦਾ,
ਚੀਨ ਚੀਨਿਆਂ, ਜਾਪਾਨ ਜਾਪਾਨੀਆਂ ਦਾ।
ਪਿਆਰੇ ਪ੍ਰੀਤਮਾ ਕੁਦਰਤੀ ਸ਼ਾਂਨ ਵਾਲਾ,
ਹਿੰਦੁਸਤਾਨ ਸਾਡਾ ਹਿੰਦਸਤਾਨੀਆਂ ਦਾ।
(ਭਗਵਾਨ ਸਿੰਘ ਅਮ੍ਰੀਕਾ)

## ਸਾਨੂੰ ਲੋੜ ਪਤੰਗ ਬਣ ਜਾਵਣੇ ਦੀ!

ਸਮਾਂ ਬਦਲਿਆ ਆਣ ਕੇ ਹਿੰਦ ਉਤੇ,
ਆਈ ਰੁਤ ਸ਼ਹੀਦੀਆਂ ਪਾਵਣੇ ਦੀ।
ਦੀਵਾ ਜ਼ਾਲਮਾਂ ਜ਼ੁਲਮ ਜਗਾਇਆ ਹੈ,
ਸਾਨੂੰ ਲੋੜ ਪਤੰਗ ਬਣ ਜਾਵਣੇ ਦੀ।
ਜਿੰਦ ਵਾਰ ਕੇ ਦੇਸ਼ ਤੇ ਕੌਮ ਉਤੋਂ,
ਲੋੜ ਹਿੰਦ ਆਜ਼ਾਦ ਕਰਾਵਣੇ ਦੀ।
ਗਲੀ ਅਸਾਂ ਪਿਆਰੇ ਦੀ ਜਾਵਣਾ ਹੈ,

ਲੋੜ ਤਲੀ ਤੇ ਸੀਸ ਟਕਾਵਣੇ ਦੀ।
ਜਿੰਦ ਜਾਨ ਨੂੰ ਵਾਰ ਸਵਰਾਜ ਲੈਣਾ,
ਲੋੜ ਨਹੀਂ ਹੈ ਕੁਲੀ ਕਹਾਵਣੇ ਦੀ।
ਹੋਮ ਰੂਲ ਕਾਲਾ ਲੋਕ ਕੀ ਹੁੰਦਾ?
ਲੋੜ ਕੀ ਸਾਨੂੰ ਠੁੱਡੇ ਖਾਵਣੇ ਦੀ।
ਲੋੜ ਹੈ ਤਾਂ ਇਕ ਸਵਰਾਜ ਸੰਦੀ,
ਤਦੋ ਲੋੜ ਹੈ ਖੱਦਰ ਹੰਢਾਵਣੇ ਦੀ।
ਸੂਰਤ ਸਿੰਘ ਸ਼ਾਂਤੀ ਰੂਪ ਮਾਰ ਗੋਲਾ,
ਲੋੜ ਪਈ ਹੈ ਜ਼ੁਲਮ ਉਡਾਵਣੇ ਦੀ।

## ਲਛਮਣ ਸਿੰਘ ਦੇ ਵਾਂਗ ਸ਼ਹੀਦ ਹੋਣਾ ਗੁਰੂਧਾਮਾਂ ਦਾ ਕਰਨਾ ਸੁਧਾਰ ਚੰਗਾ

ਪਹਿਲਾਂ, ਆਪਣਾ ਆਪ ਚਗਾ ਕਰਕੇ,
ਪਿਛੋਂ ਸੀਸ ਦਾ ਬਣੇ ਸ਼ਿੰਗਾਰ ਕੰਘਾ।

ਅਣੀ ਬਖਸ਼ ਸ਼ਹੀਦਾਂ ਦੇ ਦਰਦ ਵਾਲੀ,
ਰੋ ਨੂਰ ਹੋਵੇ ਚੜ੍ਹੀ ਪਰੇਮ ਰੰਗਾ।
ਰੰਦੇਂ ਚੌਗਨੇ ਚਮਕਦੇ ਦਮਕਦੇ ਨੇ,
ਪੰਥ ਧਰਮ ਤੋਂ ਜਿਨ੍ਹਾਂ ਹੈ ਮਰਨ ਮੰਗਾ।
ਸ਼ੜੀ ਚੜ੍ਹੀ ਚੁਤਰਫਿਓਂ ਕਹਿਰ ਵਾਲੀ,
ਸਿਦਕੀ ਤਰਨਗੇ ਹੋ ਨੰਗ ਪਾਰ ਗੰਦਾ।
ਦੁਖਾਂ ਘੇਰਿਆ ਆਨਕੇ ਦੇਸ਼ ਸਾਡਾ,
ਇਕ ਜਾਨ ਤੇ ਛਿੜੇ ਹਜਾਰ ਪੰਗਾ।
ਧਨੀ ਅੰਨ ਦਾ ਅੱਜ ਕੰਗਾਲ ਹੋਇਆ,
ਭੁਖਾ ਪੇਟ ਤੋਂ ਫਿਰੇ ਲਾਚਾਰ ਨੰਗਾ।
ਜੇਹੜਾ ਬੋਲਦਾ ਧਰਮ ਦੇ ਹੱਕ ਉਤੇ,
ਓਹੀ ਪਕੜਕੇ ਜੇਹਲ ਦੇ ਦੁਆਰ ਟੰਗਾ।
ਪੰਥ ਵਾਲੀਆ ਬਾਗ ਦੇ ਮਾਲੀਆ ਵੇ,
ਰਹੀਂ ਪੰਥ ਦੇ ਸਦਾ ਹੀ ਅੰਗ ਸੰਗਾ।
ਸਿਖੀ ਸਿਦਕ ਤੇ ਪਰੇਮ ਦਾ ਬਲ ਬਖਸ਼ੀਂ,
ਡੁਬ ਭੈੜੀ ਨੇ ਆਨਕੇ ਪੰਥ ਰੰਗਾ।

ਵਾਂਗ ਰੂੰਈ ਦੇ ਬੀਜ ਦੇ ਕਸ਼ਟ ਝਲੇ,
ਚਾਹੇ ਬੇਲਣੀ ਪੀੜਦੇ ਸਰਬ ਅੰਗਾ।
ਇਕ ਰਾਜ ਦੇ ਸੀਸ ਦਾ ਤਾਜ ਹੋਵੇ,
ਦੂਜਾ ਤਰਨ ਦਾ ਦੌਰ ਨਾ ਕੁਝ ਵੰਗਾ।
ਲਛਮਨ ਸਿੰਘ ਦੇ ਵਾਂਗ ਸ਼ਹੀਦ ਹੋਣਾ,
ਗੁਰੂ ਧਾਮਾਂ ਦਾ ਕਰਨਾ ਸੁਧਾਰ ਚੰਗਾ।
(ਗਜਰਾਜ;

—c—

## ਗੈਰਾਂ ਹਥ ਆਇਆ ਮਾਨ ਤਾਨ ਤੇਰਾ !

ਐ ਖਾਲਸਾ ਕੌਮ ਬਹਾਦਰਾਂ ਦੀ,
ਕਿਥੇ ਗਿਆ ਹੀ ਅਜ ਉਹ ਸ਼ਾਨ ਤੇਰਾ।
ਫੁਲ ਮਹਿਕਦੇ ਸਨ ਜਿਸ ਚਮਨ ਦੇ ਵਿਚ,
ਸੁਕੀ ਜਾਂਵਦਾ ਉਹ ਗੁਲਸਤਾਨ ਤੇਰਾ।
ਪਿਆਰਾ ਸਿੰਘ ਦਲੀਪ ਪਰਦੇਸ ਟੁਰਿਆ,

ਗੈਰਾਂ ਹਥ ਆਇਆ ਮਾਨ ਤਾਨ ਤੇਰਾ।
ਮਾਲੀ ਬਾਝ ਪਿਆ ਸੁਕਦਾ ਬਾਗ ਸੋਹਣਾ,
ਕਿਥ ਗਿਆ ਹੈ ਉਹ ਬਾਗਬਾਨ ਤੇਰਾ ?
ਤੂੰ ਤੇ ਲੇਟਦਾ ਮਖਮਲਾਂ ਅਤਲਸਾਂ ਤੇ,
ਬੈਠਾ ਜੇਹਲ ਦੇ ਵਿਚ ਪ੍ਰਧਾਨ ਤੇਰਾ।
ਜਰਾ ਉਠ ਕੇ ਹੋਸ਼ ਸੰਭਾਲ ਸ਼ੇਰਾ,
ਲੁਟੀ ਜਾਂਵਦੇ ਲੋਕ ਮਕਾਨ ਤੇਰਾ।
ਜ਼ਾਲਮ ਜ਼ੁਲਮ ਵਾਲੇ ਸਾਡਾ ਛਡ ਖੈਹੜਾ,
ਨਹੀ ਤਾਂ ਤੋੜਸੀ ਰਬ ਗੁਮਾਨ ਤੇਰਾ।
ਉਸ ਨਾਲ ਤੂੰ ਪਲਿਆ ਵੈਰ ਪਾਪੀ,
ਸਦਾ ਰਿਹਾ ਸੀ ਜੋ ਮੇਹਰਬਾਨ ਤੇਰਾ।
ਸਾਡੇ ਧਰਮ ਅੰਦਰ ਦਖਲ ਦੇ ਨਾਹੀਂ,
ਏਸ ਵਿਚ ਹੋਸੀ ਭੁਲਾ ਜਾਨ ਤੇਰਾ।
ਤੇਰੀ ਅਕਲ ਉਡ ਗਈ ਨਰਾਸ ਪਿਆਰੇ,
ਦਿਲ ਹੋਗਿਆ ਹੈ ਬੇਈਮਾਨ ਤੇਰਾ।

(ਹਰਨਾਮ ਸਿੰਘ 'ਨਰਾਸ')

# ਖ਼ਾਲਿਸ ਬਲੋਚ ਕਵਿਤਾ

## (ਜ਼ਬਾਨ ਬਲੋਚ ਸੁਰ ਲੈਂਹਦੀ)

### ਵਜ਼ਨ ਪਸ਼ਤੋ ਗਜ਼ਲ

ਤੀਰ ਜਿਗਰੇਂਚ ਜੋ ਲਗਿਆਨੇ ਚਾ,
ਕਿਵੇਂ ਬਿਸਮਲ ਬਿਅਮ ਡਿਠਿਯਾਨੇ ਚਾ।
ਜ਼ਖਮ ਮੈਡੇ ਚਾ ਬੁਨ ਤੜੇ ਵੈਈ,
ਚੂੰਡੀ ਹਿਕ ਲੂਣ ਦੀ ਘਾਤਯ ਨੇ ਚਾ।
ਬੀਆ ਦਾਰੂ ਨਾਇਆ ਤਿਤਾਵੇਂਦਾ,
ਫਟ ਬਣਾ ਵੂਲ ਹਤੋ ਕਿਤਿਯਾਨੇ ਚਾ।
ਵਾਦੇ ਵਈਦ ਵਿਸਰ ਗਿਆਨਿ ਕੀ,
ਕਿਉਂ ਏਡਾ ਜ਼ੁਲਮ ਹੁਣ ਚਿਯਾਨੇ ਚਾ।
ਹਿਕਾ ਗਲ ਹਿਮ ਓਹ ਵੀ ਮਨੇਂਦੇ ਨੇ,
ਮੇਡੇ ਤੇ ਕਈ ਗਲਾਂ ਮਨ ਵਿਯਾਨੇ ਚਾ।
ਏਡੀ ਖਿਦਮਤ ਤੁਹਾਡੀ ਕਿਤੀ ਹਿਮ,
ਹਿਕ ਦਫਾ ਵੀ ਨਜ਼ਰ ਫਿਰਿਯਾਨੇ ਚਾ।

ਦੁਸ਼ਮਨ ਆਯੋ ਕਿਵੇਂ ਮਰਿਯਾਮਸ ਵੇ,
ਇਨਾਮ ਲੜਨੇ ਦਾ ਕ। ਦਿਤਿਯਾਨੇ ਚਾ।
ਕੌਮ ਸਾਡੀ ਦੇ ਲੀਡਰ ਹਿਕ ਹਿਕ ਵੇ,
ਮਾਰ ਘਤਿਆਨੇ ਯਾ ਵਢਿਜਾਨੇ ਚਾ।

# ਨਵਾਂ ਬੇਦਾਵਾ

ਅਤੇ

## ਮਾਈ ਭਾਗੋ ਦੇ ਹਾੜੇ!

ਤਰਜ਼:-

ਗੁਰਸਿਖੀ ਬਰੀਕ ਹੈ
ਸਿਲ ਚਟਨ ਫਿਕੀ!

੧. ਪਉੜੀ

ਹਾ! ਹਾ!! ਹੂ ਦੁਲਾਰਿਆਂ
ਰਣ ਪਿਠ ਵਿਖਾਈ।

ਤ੍ਰਬਕ ਉਠੀ ਸਚ ਖੰਡ ਵਿਚ
ਇਹ ਕਹਿਕੇ ਮਾਈ।
ਹਥੋਂ ਸੇਹ੍ਰੇ ਢੈਹ ਪਏ
ਜੋ ਗੁੰਦਦੀ ਆਹੀ।
ਵੀਰਾਂ ਦੇ ਗਲ ਪਾਨ ਦੀ
ਚਾ ਚੜ੍ਹੀ ਸਵਾਈ।
ਜੇਹਲੀਂ ਬੈਠੇ ਆਨ ਜੋ
ਕਰ ਧਰਮ ਕਮਾਈ।
ਗੁੰਦੇ ਸੇਹਰੇ ਭੈਣ ਦੇ
ਹਾ! ਗਏ ਅਜਾਈ!

੨. ——o——

ਅੱਖਾਂ ਕਰ ਲਹੂ ਰੰਗੀਆਂ
ਬੀ ਰਾਨੀ ਬੋਲੀ।
"ਕਾਇਰ" ਭਾਈਂ ਏਸ ਤੋਂ
ਸੀ ਚੰਗੀ ਗੋਲੀ।
ਹਸ ਹਸ ਗੁਰੂ ਦੁਲਾਰਿਆਂ

ਕਿਵੇਂ ਜਿੰਦੜੀ ਘੋਲੀ ।
ਵਿਚ ਨਨਕਾਣੇ ਖੂੰਨ ਦੀ
ਜਾ ਖੇਡੀ ਹੋਲੀ ।
ਮਗਰੋਂ ਆਣ ਨਕਾਰਿਆਂ
ਗਲ ਕੀਤੀ ਪੋਲੀ ।
ਓਸ ਸ਼ਹੀਦੀ ਖੂਨ ਤੇ
ਚਾ ਮਿਟੀ ਡੋਹਲੀ ।

੩. —-o·—

ਕੇਹੜੀ ਖੂੰਜੇ ਜਾਇਕੇ
ਹੁਣ ਲੁਕਸੋ ਭਾਈ ।
ਮਚ ਰੇ ਮਗਰ ਤੁਸਾਡੜੇ
ਮੈਂ ਆਈ ਕਿ ਆਈ ।
ਦਿਸਾਂਗੀ ਹਰ ਗਲੀ ਵਿਚ
ਮੈਂ ਭਾਗੋ ਮਾਈ ।
ਘਰ ਨ ਵੜੋ ਬੇਦਾਵੀਓ
ਪੈ ਜਾਏ ਦੁਹਾਈ ।

ਬਾਣਾ ਦਿਓ ਉਤਾਰ ਇਹ
ਜਾਂ ਬੈ ਮੁਖਤਾਈ ।
ਛੱਡਕੇ ਅਗੇ ਹੋ ਤੁਰੋ
ਟੁਟੀ ਟੰਢ ਜਾਈ ।

੪. ——o——

ਘੇਰਾ ਪਿਆ ਨ ਆਣ ਕੇ
ਨ ਬਰਸੇ ਗੋਲੇ ।
ਪੱਹੇ ਛੱਬਣੇ ਨ ਪਏ
ਨ ਮੁੱਠੀ ਛੋਲੇ ।
ਸਿਰ ਤੇ ਪੀਪੇ ਤੇਲ ਦੇ
ਆ ਕਿਸੇ ਨ ਡੋਹਲੇ ।
ਖੂਨ ਨ ਵਗਿਆ ਤੁਸਾਂ ਦਾ
ਦੋ ਚਾਰ ਕੁ ਤੋਲੇ ।
ਕੀਮਾ ਕੀਮਾ ਹੋ ਜਾਏ
ਗੁਰਸਿੱਖ ਨ ਡੋਲੇ ।
ਕੇਹੜੇ ਡਰ ਨੇ ਲਾਲ ਦੇ

ਮਿਟੀ ਵਿਚ ਰੌਲੇ ।

ਪ. —o—

ਜਗ ਨੀ ਅਣਖ ਸ਼ਹੀਦੀਏ
ਹੁਣ ਤੇਰੀ ਵਾਰੀ ।
ਸੀਨੇ ਭੁਲੇ ਵੀਰ ਦੇ
ਬਲ ਉਠੇ ਚੰਗਾਰੀ ।
ਸ਼ਾਂਤਮਈ ਇਸ ਯੁਧ ਵਿਚ ।
ਬਣ ਪੰਜ ਹਜ਼ਾਰੀ
ਡਰਨ ਨ ਜੇਹਲੋਂ ਗੋਲੀਓਂ
ਕਰ ਸਿਖੀ ਪਯਾਰੀ।
ਇਸ ਜਗ ਤੇ ਨਹੀਂ ਆਵਣਾ
ਮੁੜ ਦੂਜੀ ਵਾਰੀ ।
ਗੁਰੂ ਦੁਵਾਰੇ ਸੋਧ ਲੌ
ਮੈਂ ਜਾਵਾਂ ਵਾਰੀ ।

(ਅਕਾਲੀ ਕੂੰਜ)

ਪਤਾ-ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ ਵਾਲੇ

## [ਭੁਖੇ ਨਾ ਮਰੋ]

ਹੁਨਰ ਸਿਖੋ, ਮੁਲਕ ਅਤੇ ਕੌਮ ਦੇ ਕੰਮ ਆਓ, ਗੁਲਾਮੀ ਦੀ ਜ਼ਿੰਦਗੀ ਕਦ ਤਕ ਗੁਜ਼ਾਰੋਗੇ? ਥੱਲੇ ਲਿਖੀਆਂ ਹੋਈਆਂ ਕਿਤਾਬ ਪੜ੍ਹੋ ਤੇ ਚਾਰ ਦਿਨ ਸੁਖ ਦੇ ਗੁਜ਼ਾਰੋ

**ਮੋਟਰ ਰੈਹਬਰ** ਤਸਵੀਰਾਂ ਸਮੇਤ ਮੋਟਰ ਦਾ ਕੰਮ ਸਿੱਖਣ ਦੀ ਵਡੀ ਕਿਤਾਬ ੧।।)

**ਇੰਜਨ ਪ੍ਰਬੋਧ** ਇੰਜਨਾਂ ਮੁਤਅਲਕ ਸਭ ਸਵਾਲ ਜਵਾਬ ਪੁਰਜੇ ਆਦਿਕ ਦੇ ਨਕਸ਼, ਫਿਟ ਕਰਨਾ ਸਭ ਹਾਲ ਦਰਜ ਹਨ ੧)

**ਬਿਜਲੀ ਪ੍ਰਬੋਧ** ਇਸ ਵਿਚ ਲੈਂਪਾਂ ਦੀਆਂ ਸੁਕੀਆਂ ਬੈਟਰੀਆਂ ਬਨਾਣ ਦੀ ਜਾਚ ਦਸੀ ਗਈ ਹੈ, ਮੋਖ ੧)

**ਗਿਲਟ ਸਾਜ਼ੀ ਵਡੀ** ਹਰ ਇਕ ਧਾਤ ਤੇ ਸੋਨੇ ਚਾਂਦੀ ਦਾ ਪਾਣੀ ਚੜ੍ਹਾਣਾਂ ਗਿਲੀਆਂ ਬੈਟਰੀਆਂ ਨਾਲ ਬਿਜਲੀ ਦੇ ਲੈਂਪ ਜਗਾਣੇ ਮੋਖ।।।)

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

# ਬਿਜਲੀ ਪ੍ਰਬੋਧ

ਵਾਇਰਿੰਗ ਅਰਥਾਤ ਬਿਜਲੀ ਦੀਆਂ ਤਾਰਾਂ ਦਾ ਹਿਸਾਬ ਤਾਰਾਂ ਅਤੇ ਲੈਂਪਾਂ ਨੂੰ ਫਿਟ ਕਰਨਾ, ਸ੍ਵਿਚਾਂ ਦਾ ਸਾਰਾ ਹਿਸਾਬ ਡਾਇਨਮੋ ਮੋਟਰ ਤੇ ਹੋਰ ਹਰ ਤਰਾਂ ਦੇ ਬਿਜਲੀ ਦੇ ਪੁਰਜਿਆਂ ਮੁਤੱਅਲਕ ਪੂਰੀ ਵਾਕਫੀਅਤ ਬਿਜਲੀ ਪੈਦਾ ਕਰਨਾ, ਕੁਨੈਕਸ਼ਨ ਕਰਨਾ ਇਤਿ ਆਦਿਕ ਪੂਰੀ ਵਾਕਫੀਅਤ ਦਰਜ ਹੈ, ਸਾਡਾ ਦਾਵਾ ਹੈ ਕਿ ਗੁਰਮੁਖੀ ਵਿਚ ਇਡੀ ਵਡੀ ਤੇ ਸੌਖੀ ਪੁਸਤਕ ਅੱਜ ਤੱਕ ਨਹੀਂ ਛਪੀ, ਇਸ ਵਿਚ ਤਕਰੀਬਨ ਡੇਢ ਸੌ ਤਸਵੀਰਾਂ, ਪੁਰਜਿਆਂ, ਲੈਂਪਾਂ, ਸ੍ਵਿਚਾਂ, ਮੋਟਰਾਂ ਅਤੇ ਕੁਨੈਕਟ ਕਰਨ ਦੇ ਤਰੀਕਿਆਂ ਦੀਆਂ ਹਨ, ਮੋਖ ਜਿਲਦ ਸਮੇਤ ੪)

---

ਪਤਾ-ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂਵਾਲੇ

# ਮੁਰਦਿਆਂ ਨਾਲ ਗਲਾਂ

ਦੂਜੇ ਆਦਮੀ ਨੂੰ ਬਿਹੋਸ਼ ਕਰਕੇ ਹਰ ਇਕ ਤਰਾਂ ਦੇ ਬੀਤ ਚੁਕੇ ਤੇ ਅਗੇ ਆਉਣ ਵਾਲੇ ਹਾਲ ਪਤਾ ਕਰਨੇ ਜਗ੍ਹਾ ਜਗ੍ਹਾ ਦੀ ਸੈਲ ਕਰਨੀ ਤੇ ਮੋਏ ਹੋਏ ਆਦਮੀਆਂ ਦੀ ਰੂਹਾਂ ਨਾਲ ਗਲਾਂ ਕਰਨੀਆਂ ਅਤੇ ਅਨੇਕਾਂ ਹੋਰ ਅਦੰਭੇ ਦੀਆਂ ਗਲਾਂ ਕਰਨੀਆਂ, ਆਪਣੇ ਆਪ ਨੂੰ ਹਜ਼ਾਰਾਂ ਲੋਕਾਂ ਦਾ ਆਗੂ ਬਣਾਨਾ ਹਾਕਮਾਂ ਕੋਲੋਂ ਇਜ਼ਤ ਲੈਣੀ ਧਨ ਦੌਲਤ ਹਾਸਲ ਕਰਨੀ ਜਾਦੂ ਦੀ ਅੰਗੂਠੀ ਯਾ ਸ਼ੀਸ਼ਾ ਜਿਸਦੇ ਕਈ ਲੋਗ ਤੈਂਨ ੨ ਰੁਪੈ ਲੈ ਲੈਂਦੇ ਹਨ ਮਮੂਲੀ ਪੈਸਿਆਂ ਨਾਲ ਬਣਾਨਾ। ਜੇ ਇਹ ਸਭ ਗਲਾਂ ਤੁਸੀ ਖੁਦ ਕਰਨੀਆਂ ਚਾਹੋ ਤਾਂ ਅੱਜ ਹੀ ਦੋ ਪੈਸੇ ਦਾ ਟਿਕਟ ਭੇਜ ਕੇ 'ਭੂਤ ਚਕ੍ਰ' ਪੁਸਤਕ ੧) ਦਾ ਵੀ.ਪੀ ਮੰਗਾਓ

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

[ ਸ ]

# ਗੁਰੂ ਨਾਨਕ ਜਹਾਜ਼ ਦੀ ਜ਼ੁਲਮੀ ਕਥਾ

ਸ੍ਰੀ ਮਾਨ ਬਾਬਾ ਗੁਰਦਿਤ ਸਿੰਘ ਜੀ ਪ੍ਰਬੰਧਕ ਸ੍ਰੀ ਗੁਰੂ ਨਾਨਕ ਜਹਾਜ਼ ਦਾ ਦੇਸ਼ ਵਾਸੀਆਂ ਦੇ ਦੁਖ ਵੇਖ ਕੇ ਜਹਾਜ਼ ਬਣਾਨਾ ਅਮ੍ਰੀਕਾ ਵਲ ਤੁਰਨਾ ਸਮੁੰਦਰ ਦੇ ਦੁਖ ਅਮ੍ਰੀਕਾ ਅਤੇ ਫਰੰਗੀ ਚਾਟੜਿਆਂ ਦੀ ਜ਼ਾਲਮਾਨਾਂ ਕਾਰਵਾਈਆਂ, ਮੁਲਕ ਵਿਚ ਵਾਪਸ ਆਉਣ ਉਤੇ ਬਜ ਬਜ ਘਾਟ ਉਤੇ ਗੋਲੀਆਂ ਮਾਰਕੇ ਮੁਸਾਫਰਾਂ ਨੂੰ ਤਬਾਹ ਕਰਨਾ। ਮੁਕੱਦਮੇ ਦੇ ਸਾਰੇ ਬਿਆਨ, ਜਿਰਹ ਆਦਿਕ ਮੁਫੱਸਲ ਹਾਲ ਦਰਜ ਹਨ ਇਕ ਵਾਰੀ ਜ਼ਰੂਰ ਪੜ੍ਹੋ ਮੋਖ.........੧॥)

ਪਤਾ:-ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ ਵਾਲੇ

# ਸੁਆਦਲੇ ਨਾਵਲ

ਹੱਡੀਆਂ ਦੀ ਮਾਲਾ, ਬਹੁਤ ਹੀ ਸੁਆਦਲਾ ॥)
ਅੰਗਰੇਜ਼ ਡਾਕੂ ਤਿੰਨ ਹਿੱਸੇ, ਇਹ ਨਾਵਲ
ਬੜਾ ਹੀ ਸਵਾਦਲਾ ਹੈ, ਤਿੰਨ ਹਿੱਸੇ ੧॥)

ਚਾਲਾਕ ਚੋਰ—ਇਕ ਚੋਰ ਦਾ ਵਡੇ ਵਡੇ
ਜਾਸੂਸਾਂ ਪੁਲੀਸ ਅਫਸਰਾਂ ਦੀਆਂ ਅੱਖਾਂ ਵਿਚ
ਘਟਾ ਪਾਕੇ ਅਜੀਬ ਢੰਗ ਨਾਲ ਬਚਕੇ
ਨਿਕਲਣਾ ਮੁਲ ੧),
ਸੁਸ਼ੀਲ ਕੌਰ ।) ਕਾਲਾ ਦੇਗੀ ਦੀ ਲੁਟ
ਕਿਰਪਾਲ ਕੌਰ, ਅਤਯੰਤ ਸਵਾਦਲਾ ।=)

ਇਕ ਪਵਿਤ੍ਰ ਜੀਵਨ—ਪਤਿਬ੍ਰਤ ਧਰਮ
ਦਾ ਸਚਾ ਪੁਸਤਕ, ਇਸਤ੍ਰੀਆਂ ਦੇ
ਪੜ੍ਹਨ ਯੋਗ ਹੈ, ਜਿਲਦ ਸਮੇਤ ੨)
ਭੂਤ ਨਾਥ—ਦੀ ਜੀ ਨੀ ॥)

---

ਬਜਾਰ ਮਾਈ ਸੇਵਾਂ ਅੰਮ੍ਰਿਤਸਰ

95

# ਸੋਹਣੇ ਬਣ ਜਾਓ ॥

## ਖ਼ੂਬਸੂਰਤੀ ਵੀ ਆਦਮੀ ਦੀ ਜਾਨ ਹੈ

ਥਲੇ ਲਿਖੀਆਂ ਚੀਜਾਂ ਆਪ ਵੀ ਵਰਤੋ ਤੇ ਦੋਸਤਾਂ ਨੂ ਤੁਹਫਾ ਦਿਓ, ਤੀਵੀਆਂ ਲਈ ਤਾਂ ਨਿਆਮਤ ਹਨ ਸੁੰਦਰ ਸ਼ਿੰਗਾਰ ਸਾਬਨ—ਇਸ ਸਾਬਨ ਨਾਲ ਮੂੰਹ ਦੇ ਕਿਲ ਦਾਗ ਛਾਈਆਂ ਆਦਿਕ ਦੂਰ ਹੋਕੇ ਚੇਹਰਾ ਕੁੰਦਨ ਵਾਂਗ ਚਮਕ ਆਉਂਦਾ ਹੈ ਮੁਲ ਇਕ ਬਕਸ ॥) ਗੁਲਾਬੀ ਪੌਡਰ ਮੂੰਹ ਅਤੇ ਗੱਲਾਂ ਉਤੇ ਮਲਣ ਲਈ ਇਹ ਪੌਡਰ ਅਜਾਬ ਚੀਜ ਹੈ ਇਕ ਡਬੀ ॥)

ਬਾਗ ਬਹਾਰ—ਅਤਰ ਦੀ ਵਧੀਆ ਵਡੀ ਸ਼ੀਸ਼ੀ ਜਿਸਦੀ ਖੁਸ਼ਬੂ ਭਿੰਨੀ ੨ ਅਤੇ ਬਹੁਤ ਚਿਰ ਕੈਮ ਰਹਿੰਦੀ ਹੈ ਮੁਲ ੨) ਸ਼ੀਸ਼ਾ

---

ਪਤਾ-ਪ੍ਰਤਾਪਸਿੰਘ ਸੁੰਦਰਸਿੰਘ ਪੁਸਤਕਾਂਵਾਲੇ

## ਖੁਸ਼ਬੂਦਾਰ ਮਲਾਈ

ਹਥਾਂ ਦਾ ਫੁਟਣਾ ਮੂੰਹ ਦਾ ਕਾਲਾ ਹੋ ਜਾਣਾਂ ਅਥ ਦਾ ਸਰੀਰ ਵਿਚ ਖੌਰਾ ਪਣ ਆ ਜਾਣਾ ਇਸ ਦੇ ਵਰਤਨ ਨਾਲ ਦੂਰ ਹੋਕੇ ਮਖਨ ਵਾਂਗ ਮੁਲੈਮ ਹੋ ਜਾਂਦਾ ਹੈ. ਮੁਲ ਸ਼ੀਸ਼ੀ ੧॥)

## ਦੰਦਾ ਦਾ ਮੰਜਨ

ਦੰਦਾ ਦੇ ਸਾਰੇ ਰੋਗ ਦੂਰ ਕਰਨ ਦੀ ਅਦੁਤੀ ਖੁਸ਼ਬੂਦਾਰ ਦਵਾਈ ਸ਼ੀਸ਼ੀ ॥)

## ਸੁੰਦ੍ਰ ਸੁਰਮਾਃ—

ਲਾਲੀ-ਜਾਲਾ ਪਾਣੀ ਆਉਣਾ ਅੱਖਾਂ ਦੁਖਣੀਆਂ ਸਭ ਬ ਮਾਰੀਆਂ ਨੂੰ ਦੂਰ ਕਰਦਾ ਹੈ, ॥) ਸ਼ੀਃ

---

ਬਾਜਾਰ ਮਾਈ ਸੇਵਾਂ ਅਮ੍ਰਿਤਸਰ ।

97

# ਬਿਰਹੋਂ ਦੇ ਸੱਦ

ਸ੍ਰੀ ਮਾਨ ਸਰਦਾਰ ਮਧਸੂਦਨ ਸਿੰਘ ਜੀ ਮਸ਼ਹੂਰ ਕਵੀ ਰਚਿਤ ਪੋਲੀਟੀਕਲ ਕਵਿਤਾ (ਜਿਨਾਂ ਬਾਬਤ ਕਈ ਵਾਰੀ ਇਨਾਂ ਨੂ ਇਨਾਮ ਵੀ ਮਿਲ ਚੁਕਾ ਹੈ ਤੇ ਸੀ ਮਾਨ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਨੇ ੧੦੦) ਇਨਾਮ ਦਿਤਾ ਸੀ) ਛਪ ਕੇ ਤਿਆਰ ਹੋ ਗਈਆਂ ਹਨ ਪੁਸਤਕ ਵੀ ਇਕ ਵਾਰੀ ਪੜ੍ਹਿਆ ਮੁਰਦਾ ਦਿਲਾਂ ਵਿਚ ਜਾਨ ਪੈ ਜਾਂਦੀ ਹੈ ਕਾਗਜ਼ ਛਪਾਈ ਬਹੁਤ ਆਹਲਾ ਹੈ, ਇਸ ਵਿਚ ਕਵੀ ਜੀ ਤੇ ਸ੍ਰੀ ਮਾਨ ਮਾਸਟਰ ਸੁੰਦਰ ਸਿੰਘ ਜੀ ਦੇ ਫੋਟੋ ਵੀ ਹਨ ਭੇਟਾ ਸਿਰਫ ॥)

ਪਤਾ੪—ਖਾਲਸਾ ਆਜ਼ਾਦ ਏਜੰਸੀ ਅਮ੍ਰਿਤਸਰ

---

ਪਤਾ—ਪ੍ਰਤਾਪ ਸਿੰਘ ਸੁੰਦ੍ਰਸਿੰਘ ਪੁਸਤਕਾਂਵਾਲੇ

# ਬਿਜਲੀ ਦੇ ਲੈਂਪ

ਇਨ੍ਹਾਂ ਲੈਂਪਾਂ ਵਿਚ ਨਾ ਤੇਲ ਪਾਣਾ ਪੈਂਦਾ ਹੈ ਨਾ ਬੱਤੀ, ਹਰ ਵੇਲੇ ਆਪਣੇ ਆਪ ਤਿਆਰ ਰੈਂਹਦੇ ਹਨ, ਝਟ ਬਟਨ ਦਬਾਇਆ ਲੈਂਪ ਜਗ ਪੈਂਦਾਂ ਹੈ। ਹਨੇਰੇ, ਸਵੇਰੇ ਸਫਰ ਵਿਚ, ਘਰਾਂ ਵਿਚ ਸੱਪ ਆਦਿਕ ਦੇ ਬਚਾ ਵਾਸਤੇ ਇਸ ਲੈਂਪ ਦਾ ਕੋਲ ਹੋਣਾ ਅਤੀ ਜ਼ਰੂਰੀ ਹੈ। ਮੁਲ ਇਸਤਰਾਂ ਹੈ:—..........

| | |
|---|---|
| ਦਰਜਾ ਅਵਲ ਲੈਂਪ ਤੇਜ ਰੌਸ਼ਨੀ | ੪) |
| ਦਰਜਾ ਦੋਮ ਛੋਟਾ ਸ਼ੀਸ਼ਾ | ੩) |
| ਦਰਜਾ ਤੀਜਾ | ੨) |
| ਦਰਜਾ ਚੌਥਾ ਕੋਟ ਨੂੰ ਲਾਉਣ ਵਾਲਾ ਲੈਂਪ | ੧॥) |
| ਬਿਜਲੀ ਦੇ ਮਸਾਲੇ ਦੀਆਂ ਵਾਧੂ ਬੈਟਰੀਆਂ ਫੀ ਬੈਟਰੀ | ॥=) |

---

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

89

# ਧਾਰਮਕ ਪੁਸਤਕਾਂ ॥

ਪ੍ਰੇਮ ਫੁਲਵਾੜੀ ਗਜ਼ਲਾਂ ਭਾਈ ਨੰਦ ਲਾਲ ਜੀ ਸਟੀਕ ।॥) ਸ੍ਰੀ ਗੁਰੂ ਅਰਜਨ ਬਲਾਸ ਪੰਜਵੀਂ ਪਾ: ਜੀ ਦਾ ਜੀਵਨ ਬੈਂਤਾਂ ਵਿਚ ।=) ਉਪਕਾਰ ਖਾਲਸਾ ਅਠਾਰਾਂ ਹਜਾਰ ਲੜਕੀਆਂ ਛੁਡਾਣ ਦਾ ਪ੍ਰਸੰਗ =) ਜਿੰਦਗੀ ਬਿਲਾਸ—ਸੌ ਸਾਲ ਦੀ ਜਿੰਦਗੀ ਦਵਾਰਾ ਉਪਦੇਸ਼ ॥) ਉਪਦੇਸ਼ ਮਾਲਾ—ਵੈਰਾਗ ਭਰੇ ਉਪਦੇਸ਼ ।=) ਵਿਚਾਰ ਦ੍ਰਪੱਣ ਗਿਆਨ ਤੇ ਵੈਰਾਗ ਦੀ ਪੁਸਤਕ ।=) ਗਿਆਨ ਭੰਡਾਰ ਰਾਜਾ ਗੋਪੀ ਚੰਦ ਪੁਸਤਕ ਪੜ੍ਹਨ ਯੋਗ ਹੈ ॥) ਰੂਹਾਨੀ ਜਿੰਦਗੀ—ਸੁਖਨ ਫਕੀਰਾਂ ਵਡੇ ਅਤੀ ਉਤਮ ਪੁਸਤਕ ।॥) ਚਾਣਾਕਾ ਰਾਜਨੀਤ ਸਟੀਕ—ਰਾਜਨੀਤ ਦੀ ਵਧੀਆ ਪੁਸਤਕ ਪੜ੍ਹਨ ਯੋਗ ਹੈ ।=) ਪਤਾ—ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ ਵਾਲੇ

ਸ਼ਹੀਦੀ ਤਲਵਾਰ—ਅਰਥਾਤ ਖਾਲਸੇ
ਦਾ ਜਨਮ ਰੈਹਤ ਨਾਮਿਆਂ ਸਮੇਤ ॥)
ਸਿਖਰਾਜਾ ਦੀ ਮੁਕੰਮਲਤਵਾਰੀਖ ਮੁਲ ੧॥)
ਜੀਵਨ ਬਾਬਾ ਫੂਲਾ ਸਿੰਘ ਜੀ ੧)
ਸੌਸਾਖੀ ਅਸਲੀ ਵਡੀ ਮੁਕੰਮਲ ॥)
ਅਕਾਲੀ ਦਰਸ਼ਨ—ਸਿਖਲੀਡਰਾਂ ਦੇ ਜੀਵਨ
ਬ੍ਰਿਤਾਂਤ ਸਮੇਤ ਤਸਵੀਰਾਂ ।।।) ਰਣਜੀਤ-
_ਲਾਰੇ ਪੋਲੀਟੀਕਲ ਕਵਿਤਾ ।=)
ਬੀਰ ਦੇ ਤੀਰ ਪੋਲੀਟੀਕਲ ਕਵਿਤਾ ।=)
ਬਿਰਹੋਂ ਦੇ ਸੱਦ ਪੋਲੀਟੀਕਲ ਕਵਿਤਾ ॥)
ਅਕਾਲੀ ਬਬੱਰ ਪੋਲੀਟੀਕਲ —)
ਸ਼ਹੀਦੀ ਨਜ਼ਾਰੇ ਸ਼ਹੀਦ ਬਿਲਾਸ ।)

---

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

# ਦਰਦਾਂ ਦੇ ਹੰਝੂ

ਅਰਥਾਤ ਕੌਮੀ ਕਹਾਨੀਆਂ

ਨੌਕਰਸ਼ਾਹੀ ਵਲੋਂ ਹੋਰਹੀਆਂ ਸਖਤੀਆਂ ` ਭਿਆਨਕ ਫਲ ਦਾ ਹਾਲ ਨਿਕੀਆਂ ੨ ਕਹਾਨੀਆਂ ਵਿਚ ਦਰਜ ਕਰਕੇ ਪੁਸਤਕ ਨੂੰ ਅਜਿਹਾ ਦਿਲਖਿਚਵਾਂ ਬਨਾਇਆ ਗਿਆ ਹੈ ਕੇ ਪੱਥਰ ਤੋਂ ਪੱਥਰ ਦਿਲ ਵੀ ਰੋਏ ਬਗੈਰ ਨਹੀਂ ਰੈਂਹਦੇ ਜਰੂਰ ਦਿਲ ਤੇ ਅਸਰ ਪੈਂਦਾ ਹੈ ਨਾਲ ਹੀ ਉਹ ਤ੍ਰੀਕੇ ਕਹਾਨੀਆਂ ਵਿਚ ਦਸੇ ਹਨ ਜੋ ਬਚਿਆਂ ਦੇ ਦਿਲ ਤੇ ਅਸਰ ਪਾਕੇ ਉਨਾਂ ਨੂੰ ਦਲੇਰ ਤੇ ਕੌਮ ਦੇ ਕੰਮ ਆਉਣ ਵਾਲੇ ਆਦਮੀ ਬਣਾ ਸਕੇ ਭੇਟਾ ॥) ਪਤਾ—ਪ੍ਰੀਤਮ ਸਿੰਘ ਮੈਨੇਜਰ

ਕਰਤਾਰ ਐਂਡ ਕੋ ਪੁਸਤਕਾਂ ਵਾਲੇ

ਬਾਜ਼ਾਰ ਮਾਈ ਸੇਵਾਂ ਅਮ੍ਰਿਤਸਰ

---

ਪਤਾ-ਪ੍ਰਤਾਪਸਿੰਘ ਸੁੰਦ੍ਰਸਿੰਘ ਪੁਸਤਕਾਂਵਾਲੇ

# ਉਰਦੂ ਵਿਚ !

ਸਤਿਗੁਰ ਮੈਹਮਾਂ ਛਪਕੇ ਤਿਆਰ ਹੋ ਗਈ ਹੈ ਜਿਸਨੂੰ ਪਾਠਕ ਜੀ ਸਾਲਾਂ ਤੋਂ ਉਡੀਕ ਰਹੇ ਸਨ। ਤਾਂਤੇ ਉਰਦੂ ਪੜ੍ਹੇ ਸਜਨਾਂ ਯੋਗ ਪ੍ਰਗਟ ਕੀਤਾ ਜਾਂਦਾ ਹੈ ਕਿ ਬਹੁਤ ਛੇਤੀ ਮੰਗਾ ਲੈਣ, ਨਹੀ ਤਾਂ ਵੇਰ ਅਗਲੀ ਐਡੀਸ਼ਨ ਨੂੰ ਉਡੀਕਣਾ ਪਵੇਗਾ।

ਮੁਲ ॥=) ਵਪਾਰੀਆਂ ਨੂੰ ਖਾਸ ਰਿਐਤ

ਸਸਤੀਆਂ ਪੁਸਤਕਾਂ ਮੰਗਾਨ ਦਾ ਪਤਾ:—

**ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ**

ਪੁਸਤਕਾਂ ਛਾਪਨ ਤੇ ਵੇਚਨ ਵਾਲੇ,

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ।

---



93

# [ਅਰਥਾਂ ਵਾਲੇ ਪੁਸਤਕ]

[ਗੁਰਬਾਣੀ ਦੇ ਅਦੁਤੀ ਤੇ ਵਧੀਆ ਟੀਕੇ]

| | | |
|---|---|---|
| ਪੰਜ ਗ੍ਰੰਥੀ ਟੀਕਾ ਸੁਸੈਟੀ ਵਾਲਾ | | ੨॥) |
| ਸਲੋਕ ਕਬੀਰ ਟੀਕਾ | ,, | ॥=) |
| ਸਲੋਕ ਫਰੀਦ ਟੀਕਾ | ,, | ।=) |
| ਸਲੋਕ ਸਹੰਸ ਕ੍ਰਿਤੀ ਟੀਕਾ | ,, | ।–) |
| ਮੈਤ੍ਰਸਿਰੀ ਦੀ ਵਾਰ ਟੀਕ | ,, | ।–) |
| ਆਸਾ ਦੀ ਵਾਰ ਟੀਕਾ | ,, | ॥) |
| ਅਕਾਲੀ ਨਿਤਨੇਮ ਸਟੀਕ ਅਨੰਦਸਾਹਿਬ ਸਮੇਤ ਰਚਿਤ ਗਿਆਨੀ ਸਰਦੂਲਸਿੰਘਜੀ | | ੧।) |
| ਵਾਰਾਂ ਭਾਈ ਗੁਰਦਾਸ ਜੀ ਸਟੀਕ | | ੪) |
| ਭਗਤ ਬਾਣੀ ਸਟੀਕ | | ੩।) |
| ਜਪੁਜੀ ਸਾਹਿਬ ਸਟੀਕ ਤੁਕ ੨ ਦਾ ਅਰਥ | | ।) |
| ਜਾਪੁ ਸਾਹਿਬ ਸਟੀਕ | ,, | ।) |
| ਅਨੰਦ ਸਾਹਿਬ ਸਟੀਕ? | ,, | ।) |

ਪਤਾ-ਪ੍ਰਤਾਪਸਿੰਘ ਸੁੰਦਰਸਿੰਘ ਪੁਸਤਕਾਂ ਵਾਲੇ

[ਵ]

# ਸੁੰਦ੍ਰ ਕ੍ਰਿਪਾਨਾਂ

ਸਾਡੀਆਂ ਤਿਆਰ ਕੀਤੀਆਂ ਹੋਈਆਂ ਕ੍ਰਿਪਾਨਾਂ ਦੀ ਸੁੰਦ੍ਰਤਾ ਤੇ ਛਬ ਪੌਲਸ਼ ਤੇ ਸਿਕਲ ਦਾ ਇਕ ਅਦੁਤੀ ਚਮਤਕਾਰਾ ਹੈ ਕ੍ਰਿਪਾਨ ਕੀ ਹੈ। ਇਕ ਸੁੰਦ੍ਰ ਸੁਗਾਤ ਹੈ ਜੋ ਇਕ ਵੇਰ ਦਰਸ਼ਨ ਪਾ ਲਵੇ ਤਾਂ ਬਗੈਰ ਖਰੀਦੇ ਨਹੀਂ ਰੈਹ ਸਕੇਗਾ ਵਡਾ ਫਾਇਦਾ ਏਹ ਹੈ ਕਿ ਲੋਹਾ ਅਸਲੀ ਸਟੀਲ ਤੇ ਅਸ਼ਟਧਾਤ ਦਾ ਹੈ ਹੋਰ ਹਰ ਪ੍ਰਕਾਰ ਦੇ ਪੁਸਤਕ ਧਾਰਮਕ ਨਾਵਲ, ਨਾਟਕ, ਟ੍ਰੈਕਟ, ਜੋਤਸ਼, ਹਿਕਮਤ ਗੁਰਬਾਣੀ ਦੇ ਗ੍ਰੰਥ ਸਾਥੋਂ ਰਿਐਤੀ ਤੇ ਸੁੰਦ੍ਰ ਮੰਗਾਓ। ਮੰਗਵਾਨ ਦਾ ਪਤਾ:—

ਭਾਈ ਨਿਹਾਲ ਸਿੰਘ ਭਗਵਾਨ ਸਿੰਘ
ਪੁਸਤਕਾਂ ਤੇ ਕ੍ਰਿਪਾਨਾਂ ਵਾਲੇ ਮਾਲਕ
ਖਾਲਸਾ ਜਨ: ਏਜੰਸੀ ਨੰ: ੧ ਪਟਿਆਲਾ

---

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਇਸ ਗੁਟਕੇ ਦੇ ਪ੍ਰਕਾਸ਼ਕ
ਭਾਈ ਗੁਰਨਾਮ ਸਿੰਘ ਜੀ "ਭਾਨ" ਹਨ
ਪਰ ਗਲਤੀਨਾਲ ਨਾਮ ਗਲਤ ਛਪਗਿਆ ੈ

## ਟੈਟਲ ਵਾਲੇ ਦੋਵੇਂ ਪਤੇ
## ਪੁਸਤਕ ਮਿਲਣ ਦੇ ਹਨ!